


ਸਿਟੀ ਆਫ ਬ੍ਰੈਂਪਟਨ

# ਨੇਬਰਹੁੱਡ ਐਸੋਸੀਏਸ਼ਨ ਗਾਈਡ

BRAMPTON

# ਵਿਸ਼ਾ ਸੂਚੀ


1. ਜਾਣ-ਪਛਾਣ 3
2. ਨੇਬਰਹੁੱਡ ਐਸੋਸੀਏਸ਼ਨ ਕੀ ਹੈ? 5
3. ਬ੍ਰੈਂਪਟਨ ਨੇਬਰਹੁੱਡ ਐਸੋਸੀਏਸ਼ਨ ਐਫਿਲਿਏਸ਼ਨ 7
   - A. ਸਿਟੀ ਦੇ ਨਾਲ ਐਫਿਲਿਏਟੇਡ ਕਿਵੇਂ ਬਣੀਏ? 8
   - B. ਸਿਟੀ ਦੇ ਨਾਲ ਐਫਿਲਿਏਟੇਡ ਹੋਣ ਲਈ ਕੀ ਜ਼ਰੂਰੀ ਹੈ? 9
   - C. ਐਫਿਲਿਏਸ਼ਨ ਦੀ ਕੀ ਪ੍ਰਕਿਰਿਆ ਹੈ? 11
   - D. ਨੇਬਰਹੁੱਡ ਐਸੋਸੀਏਸ਼ਨ ਨਾਲ ਐਫਿਲਿਏਸ਼ਨ ਵਿੱਚ ਸਿਟੀ ਕਿਹੜੀ ਭੂਮਿਕਾ ਨਿਭਾਉਂਦੀ ਹੈ? 12
   - E. ਐਫਿਲਿਏਸ਼ਨ ਸਟੇਟਸ ਦੀ ਪ੍ਰਵਾਨਗੀ 12
   - F. ਐਫਿਲਿਏਸ਼ਨ ਸਟੇਟਸ ਦੀ ਸਮਾਪਤੀ 13
4. ਲੋਕਾਂ ਨੂੰ ਜੋੜਨਾ 14
   - A. ਸ਼ੁਰੂਆਤ ਕਿਵੇਂ ਕੀਤੀ ਜਾਵੇ! 15
   - B. ਮੈਂਬਰਾਂ ਨੂੰ ਸਰਗਰਮ ਅਤੇ ਜੁੜਿਆ ਹੋਇਆ ਕਿਵੇਂ ਰੱਖੀਏ! 17
5. ਕਾਰਵਾਈ ਕਰਨਾ 18
   - A. ਸਿਟੀ ਤੋਂ ਨਰਚਰਡ ਨੇਬਹਰੁੱਡ ਗ੍ਰਾਂਟ ਪ੍ਰਾਪਤ ਕਰਨ ਦੇ ਮੌਕੇ 19
   - B. ਨਰਚਰਡ ਨੇਬਹਰੁੱਡ ਗ੍ਰਾਂਟ ਦੀ ਸੰਭਾਵੀ ਵਰਤੋਂ 20
   - C. ਪ੍ਰਤੀ ਸਾਲ ਪ੍ਰੋਜੈਕਟਾਂ ਦੀ ਸੰਖਿਆ 26
   - D. ਸਫਲ ਪ੍ਰੋਜੈਕਟ 26
6. ਨੇਬਰਹੁੱਡ ਐਕਸ਼ਨ ਪਲਾਨ 27
   - A. ਨੇਬਰਹੁੱਡ ਐਕਸ਼ਨ ਪਲਾਨ ਕਿਉਂ ਬਣਾਉਣਾ ਹੈ? 28
   - B. ਦ੍ਰਿਸ਼ਟੀਕੋਣ 29
   - C. ਸੰਪਤੀ ਦੀ ਪਛਾਣ ਕਰਨ ਵਾਲੀ ਗਤੀਵਿਧੀ 30
7. ਤੁਹਾਡੇ ਨੇੜਲੇ ਨੇਬਰਹੁੱਡ ਦੀਆਂ ਝਲਕੀਆਂ! 31
8. ਸਵੀਕ੍ਰਿਤੀਆਂ 34







# ਭਾਗ ਇੱਕ

## ਜਾਣ-ਪਛਾਣ



# ਜਾਣ-ਪਛਾਣ

ਸਿਟੀ ਆਫ ਬ੍ਰੈਂਪਟਨ ਦਾ ਕਮਿਉਨਿਟੀ ਸੇਫਟੀ ਐਂਡ ਵੈਲ-ਬੀਇੰਗ ਆਫਿਸ (ਸੀ.ਐਸ.ਡਬਲਯੂ.ਓ.) (Community Safety & Well-Being Office) (CSWO), ਬ੍ਰੈਂਪਟਨ ਨੇਬਰਹੁੱਡ ਐਸੋਸੀਏਸ਼ਨ ਗਾਈਡ ਪੇਸ਼ ਕਰਨ ਲਈ ਉਤਸ਼ਾਹਿਤ ਹੈ। ਥਾਂ-ਅਧਾਰਿਤ ਦ੍ਰਿਸ਼ਟੀਕੋਣਾਂ ਦੀ ਵਰਤੋਂ ਕਰਦੇ ਹੋਏ, ਨੇਬਰਹੁੱਡ ਸਾਡੇ ਕੰਮ ਦਾ ਮੁੱਖ ਹਿੱਸਾ ਹਨ। ਨਰਚਰਿੰਗ ਨੇਬਰਹੁੱਡਸ ਪ੍ਰੋਗਰਾਮ (Nurturing Neighbourhoods Program) ਤੋਂ ਵਸਨੀਕਾਂ ਦੀਆਂ ਸ਼ਮੂਲੀਅਤਾਂ ਦੇ ਦੁਆਰਾ, ਸੀ.ਐਸ.ਡਬਲਯੂ.ਓ. ਨੇ ਸੁਣਿਆ ਕਿ ਸੁਰੱਖਿਅਤ ਮਹਿਸੂਸ ਕਰਨਾ, ਵਸੀਲਿਆਂ ਨਾਲ ਜੁੜੇ ਹੋਣਾ ਅਤੇ ਆਪਣੇਪਣ ਦੀ ਭਾਵਨਾ ਹੋਣਾ, ਕਮਿਉਨਿਟੀ ਵਿੱਚ ਸਕਾਰਾਤਮਕ ਪ੍ਰਭਾਵ ਪਾਉਣ ਲਈ ਮਹੱਤਵਪੂਰਣ ਹਨ।

ਨੇਬਰਹੁੱਡ ਐਸੋਸੀਏਸ਼ਨ ਗਾਈਡ, ਕਾਉਂਸਿਲ-ਪ੍ਰਵਾਨਿਤ ਕਮਿਉਨਿਟੀ ਸੇਫਟੀ ਐਕਸ਼ਨ ਪਲਾਨ (Community Safety Action Plan) (2022-2027) ਵਿੱਚ ਪਛਾਣੀ ਗਈ ਜੁਗਤ ਹੈ। ਇਹ ਵਸੀਲਾ, ਸਮਰੱਥਾ ਵਧਾਉਣ ਅਤੇ ਵਸਨੀਕਾਂ ਦਾ ਨੈੱਟਵਰਕ ਸਥਾਪਤ ਕਰਨ ਲਈ ਜਾਣਕਾਰੀ ਸਾਂਝੀ ਕਰਦਾ ਹੈ, ਤਾਂ ਜੋ ਉਹਨਾਂ ਦੇ ਨੇਬਰਹੁੱਡਸ ਵਿੱਚ ਸੁਰੱਖਿਆ ਸਬੰਧੀ ਚਿੰਤਾਵਾਂ ਦਾ ਪਤਾ ਲਗਾਉਣ ਅਤੇ ਉਹਨਾਂ ਨੂੰ ਦੂਰ ਕਰਨ ਲਈ ਮਿਲਜੁਲ ਕੇ ਕੰਮ ਕਰਦੇ ਹੋਏ ਸਹਿਯੋਗ ਦਿੱਤਾ ਜਾ ਸਕੇ।

ਨੇਬਰਹੁੱਡ ਐਸੋਸੀਏਸ਼ਨ ਗਾਈਡ ਦਾ ਉਦੇਸ਼, ਵਸਨੀਕਾਂ ਦੀ ਭਲਾਈ ਵਿੱਚ ਸੁਧਾਰ ਕਰਨ ਨਾਲ ਜੁੜੇ ਹਿੱਤ ਦੇ ਨਾਲ, ਵਾਲੰਟੀਅਰਾਂ ਜਾਂ ਲੋਕਾਂ ਵੱਲੋਂ ਸੰਚਾਲਿਤ ਵਸਨੀਕਾਂ ਦੇ ਸਮੂਹਾਂ ਦੀ ਸਹਾਇਤਾ ਕਰਨਾ ਅਤੇ ਸੀ.ਐਸ.ਡਬਲਯੂ.ਓ. ਨਰਚਰਡ ਨੇਬਰਹੁੱਡ ਗ੍ਰਾਂਟ ਦੀ ਵਰਤੋਂ ਦਾ ਸੰਖੇਪ ਵਰਣਨ ਕਰਨਾ ਹੈ।



COMMUNITY SAFETY & WELL-BEING

# ਭਾਗ ਦੋ

# ਨੇਬਰਹੁੱਡ ਐਸੋਸੀਏਸ਼ਨ ਕੀ ਹੈ?

# ਨੇਬਰਹੁੱਡ ਐਸੋਸੀਏਸ਼ਨ ਕੀ ਹੈ?

ਨੇਬਰਹੁੱਡ ਐਸੋਸੀਏਸ਼ਨ, ਇੱਕੋ ਨੇਬਰਹੁੱਡ ਦੇ ਵਸਨੀਕਾਂ ਦਾ ਵਾਲੰਟੀਅਰ ਸਮੂਹ ਹੈ, ਜੋ ਆਪਣੇ ਨੇਬਰਹੁੱਡਸ ਵਿੱਚ ਸੁਧਾਰ ਕਰਨ ਦੇ ਤਰੀਕਿਆਂ ਨੂੰ ਪਛਾਣਨ ਲਈ ਇਕੱਠੇ ਹੁੰਦੇ ਹਨ ਅਤੇ ਉਹਨਾਂ ਬਦਲਾਵਾਂ ਨੂੰ ਪੂਰਾ ਕਰਨ ਲਈ ਮਿਲਕੇ ਕੰਮ ਕਰਦੇ ਹਨ।

ਨੇਬਰਹੁੱਡ ਦਾ ਵਰਣਨ ਅਜਿਹੇ ਖੇਤਰ ਵਜੋਂ ਕੀਤਾ ਗਿਆ ਹੈ, ਜਿੱਥੇ ਲੋਕ ਨਾਲ ਰਹਿੰਦੇ ਹਨ ਅਤੇ ਇੱਕ-ਦੂਜੇ ਨਾਲ ਵਿਵਹਾਰ ਕਰਦੇ ਹਨ। ਅਸੀਂ ਇਹ ਹਰੇਕ ਨੇਬਰਹੁੱਡ ਐਸੋਸੀਏਸ਼ਨ ਤੇ ਛੱਡਦੇ ਹਾਂ ਕਿ ਉਹ ਆਪਣੀਆਂ ਖੁਦ ਦੀਆਂ ਸੀਮਾਵਾਂ ਨਿਰਧਾਰਤ ਕਰ ਸਕਣ, ਜੋ ਵੱਖ-ਵੱਖ ਕਾਰਕਾਂ ਤੇ ਅਧਾਰਿਤ ਹੋਣ, ਭੂਗੋਲਿਕ ਥਾਂ, ਸਹੂਲਤਾਂ ਦੀ ਨੇੜਤਾ, ਸਾਂਝੇ ਟੀਚਿਆਂ, ਮੁੱਲਾਂ ਅਤੇ/ਜਾਂ ਉਹਨਾਂ ਦੇ ਖੇਤਰ ਬਾਰੇ ਸਮੁੱਚੀ ਭਾਵਨਾ ਅਤੇ ਪਛਾਣ। ਸੀ.ਐਸ. ਡਬਲਯੂ.ਓ., ਮੌਜੂਦਾ ਨੇਬਰਹੁੱਡ ਐਸੋਸੀਏਸ਼ਨਾਂ ਅਤੇ ਉਹਨਾਂ ਦੀਆਂ ਸੀਮਾਵਾਂ ਬਾਰੇ ਜਾਣਕਾਰੀ ਪ੍ਰਦਾਨ ਕਰਕੇ ਅਤੇ ਕਿਸੇ ਖਾਸ ਖੇਤਰ ਵਿੱਚ ਆਪਸੀ ਦਾਅਵੇ ਦੇ ਕਿਸੇ ਵੀ ਮਾਮਲਿਆਂ ਨੂੰ ਹੱਲ ਕਰਨ ਵਿੱਚ ਮਦਦ ਕਰਕੇ ਸਹਾਇਤਾ ਕਰ ਸਕਦਾ ਹੈ।

ਨੇਬਰਹੁੱਡ ਐਸੋਸੀਏਸ਼ਨ, ਆਪਣੇ ਸਾਥੀ ਵਸਨੀਕਾਂ ਨੂੰ ਮਿਲਣ, ਨੇਬਰਹੁੱਡ ਦੇ ਅੰਦਰ ਤਾਕਤਾਂ ਅਤੇ ਕਮਜ਼ੋਰੀਆਂ, ਦੋਵਾਂ ਦੀ ਪਛਾਣ ਕਰਨ ਅਤੇ ਕਮਿਊਨਿਟੀ ਦੇ ਸੁਧਾਰ ਲਈ ਮਿਲਕੇ ਕੰਮ ਕਰਨ ਦਾ ਸ਼ਾਨਦਾਰ ਤਰੀਕਾ ਹੈ। ਜੁੜੇ ਹੋਏ ਨੇਬਰਹੁੱਡਸ, ਸਥਿਰ ਨੇਬਰਹੁੱਡਸ ਹੁੰਦੇ ਹਨ।

***"ਨੇਬਰਹੁੱਡ ਐਸੋਸੀਏਸ਼ਨਾਂ, ਗਵਾਂਢੀਆਂ ਨਾਲ ਦੋਸਤੀਆਂ ਅਤੇ ਗਿਆਨ ਵਧਾਉਂਦੀਆਂ ਹਨ।"***

- ਵਸਨੀਕ, ਨਰਚਰਿੰਗ ਨੇਬਰਹੁੱਡਸ ਪ੍ਰੋਗਰਾਮ ਸਰਵੇਖਣ





COMMUNITY SAFETY
& WELL-BEING

# ਭਾਗ ਤਿੰਨ

# ਬ੍ਰੈਂਪਟਨ ਨੇਬਰਹੁੱਡ ਐਸੋਸੀਏਸ਼ਨ ਐਫਿਲਿਏਸ਼ਨ

ਬ੍ਰੈਂਪਟਨ ਵਿੱਚ ਨੇਬਰਹੁੱਡ ਐਸੋਸੀਏਸ਼ਨਾਂ ਨੂੰ ਸਿਟੀ ਦੇ ਨਾਲ ਐਫਿਲਿਏਟੇਡ ਹੋਣ ਦੀ ਸਲਾਹ ਦਿੱਤੀ ਜਾਂਦੀ ਹੈ। ਐਫਿਲਿਏਟੇਡ ਸਟੇਟਸ, ਉਹਨਾਂ ਸਮੂਹਾਂ ਦੀ ਸਹਾਇਤਾ ਲਈ ਪ੍ਰਦਾਨ ਕੀਤੀ ਜਾਂਦੀ ਹੈ, ਜੋ ਸਿਹਤ ਅਤੇ ਭਲਾਈ ਦੇ, ਸਿਟੀ ਦੇ ਕਾਰਪੋਰੇਟ ਸਟ੍ਰੈਟਜਿਕ ਫੋਕਸ ਖੇਤਰ ਵਿੱਚ ਯੋਗਦਾਨ ਪਾਉਂਦੇ ਹਨ।

# A ਸਿਟੀ ਦੇ ਨਾਲ ਐਫਿਲਿਏਟੇਡ ਕਿਵੇਂ ਬਣੀਏ?

ਐਫਿਲਿਏਟੇਡ ਹੋਣ ਨਾਲ, ਸੀ.ਐਸ.ਡਬਲਯੂ.ਓ. ਦੇ ਦੁਆਰਾ ਹੇਠਾਂ ਦਿੱਤੇ ਮੌਕੇ ਖੋਲ੍ਹ ਦਿੱਤੇ ਜਾਣਗੇ:

| ✓ | **ਸੀ.ਐਸ.ਡਬਲਯੂ.ਓ. ਦੇ ਦੁਆਰਾ ਫਾਇਦੇ** |
|---|---|
| | ਸੀ.ਐਸ.ਡਬਲਯੂ.ਓ., ਨੇਬਰਹੁੱਡ ਐਸੋਸੀਏਸ਼ਨ ਨੂੰ, ਗਤੀਵਿਧੀਆਂ, ਖਾਸ ਕਾਰਜਕਰਮਾਂ, ਪ੍ਰੋਜੈਕਟਾਂ, ਮੀਟਿੰਗਾਂ, ਅਤੇ ਸਬੰਧਿਤ ਸਮਾਨ ਲਈ, ਨਰਚਰਡ ਨੇਬਰਹੁੱਡ ਗ੍ਰਾਂਟ ਦੇ ਦੁਆਰਾ, 1,500 ਡਾਲਰ ਤੱਕ ਦਾ ਫੰਡ ਦੇਵੇਗਾ। |
| | ਐਗਜੀਕਿਉਟਿਵ ਮੀਟਿੰਗਾਂ ਅਤੇ/ਜਾਂ ਸਾਲਾਨਾ ਜਨਰਲ ਮੀਟਿਗਾਂ ਲਈ, ਸਿਟੀ ਹਾਲ ਵੈਸਟ ਟਾਵਰ (City Hall West Tower) (ਦੂਜੀ ਜਾਂ ਤੀਜੀ ਮੰਜ਼ਲ) ਵਿਖੇ, ਸੀ.ਐਸ.ਡਬਲਯੂ.ਓ. ਦੇ ਦੁਆਰਾ ਬੋਰਡਰੂਮ ਬੁਕਿੰਗਸ (ਕੈਪੇਸਿਟੀ ਸੀਮਾਵਾਂ ਦੇ ਅਧੀਨ)। |
| | ਸੀ.ਐਸ.ਡਬਲਯੂ.ਓ. ਦੇ ਕਮਿਉਨਿਟੀ ਸੇਫਟੀ ਕੋਆਰਡੀਨੇਟਰਾਂ ਦੇ ਦੁਆਰਾ ਸਿਟੀ ਲਿਏਜ਼ਨ ਤੱਕ ਪਹੁੰਚ। |
| | ਕਮਿਉਨਿਟੀ ਸੇਫਟੀ ਐਂਡ ਵੈਲ-ਬੀਇੰਗ ਦੇ ਆਗਾਮੀ ਡਿਜੀਟਲ ਨਿਊਜ਼ਲੈਟਰ ਵਿੱਚ ਪ੍ਰਦਰਸ਼ਿਤ ਕੀਤੇ ਜਾਣ ਲਈ ਮੌਕੇ। |
| | ਬ੍ਰੈਂਪਟਨ ਕਮਿਉਨਿਟੀ ਸੇਫਟੀ ਐਡਵਾਈਜਰੀ ਕਮੇਟੀ (ਬੀ.ਸੀ.ਐਸ.ਏ.ਸੀ.) (Brampton Community Safety Advisory Committee) (BCSAC) ਦੀ ਸਲਾਹ ਅਤੇ ਸਹਾਇਤਾ ਤੱਕ ਪਹੁੰਚ। |
| | ਸੀ.ਐਸ.ਡਬਲਯੂ.ਓ. ਵੱਲੋਂ ਪ੍ਰਵਾਨ ਕੀਤੀਆਂ ਨੇਬਰਹੁੱਡ ਐਸੋਸੀਏਸ਼ਨ ਦੀਆਂ ਐਫਿਲਿਏਸ਼ਨ ਪਹਿਲਕਦਮੀਆਂ ਨੂੰ ਕਵਰ ਕਰਨ ਲਈ ਜਨਰਲ ਲਾਇਬਿਲਿਟੀ ਇੰਸ਼ੋਰੈਂਸ ਪ੍ਰਦਾਨ ਕੀਤਾ ਜਾਵੇਗਾ। ਸਿਟੀ ਆਫ ਬ੍ਰੈਂਪਟਨ, ਕਮਿਉਨਿਟੀ ਸਰਵਿਸਿਜ ਕਮਿਉਨਿਟੀ ਗਰੁੱਪ ਐਫਿਲਿਏਸ਼ਨ ਪਾਲਸੀ (Community Services Community Group Affiliation Policy) ਦੇ ਦੁਆਰਾ ਇਸ ਇੰਸ਼ੋਰੈਂਸ ਦੀ ਲਾਗਤ ਕਵਰ ਕਰੇਗੀ ਅਤੇ ਉਸਨੂੰ ਨੇਬਰਹੁੱਡ ਐਸੋਸੀਏਸ਼ਨ ਦੇ ਨਰਚਰਡ ਨੇਬਰਹੁੱਡ ਗ੍ਰਾਂਟ ਪ੍ਰੋਜੈਕਟ ਦੀਆਂ ਗਤੀਵਿਧੀਆਂ ਅਤੇ ਕਾਰਵਾਈਆਂ ਦੀ ਪੂਰੀ ਸੂਚੀ ਦੀ ਲੋੜ ਹੋਵੇਗੀ। |
| | ਜਾਣਕਾਰੀ, ਵਿਚਾਰਾਂ, ਵਸੀਲਿਆਂ ਨੂੰ ਸਾਂਝਾ ਕਰਨ ਅਤੇ ਜੁੜਨ ਦੇ ਮੌਕਿਆਂ ਲਈ ਹੋਰਾਂ ਨੇਬਰਹੁੱਡ ਐਸੋਸੀਏਸ਼ਨਾਂ ਤੱਕ ਪਹੁੰਚ। |

ਐਫਿਲਿਏਟੇਡ ਹੋਣ ਨਾਲ, ਹੋਰਾਂ ਨੇਬਰਹੁੱਡ ਐਸੋਸੀਏਸ਼ਨਾਂ ਨਾਲ ਨੈੱਟਵਰਕਿੰਗ ਅਤੇ ਜੁੜੇ ਹੋਣ ਦੀ ਵੀ ਇਜਾਜ਼ਤ ਹੁੰਦੀ ਹੈ, ਜਿਹਨਾਂ ਦੀ ਹਿਮਾਇਤ ਸੀ.ਐਸ.ਡਬਲਯੂ.ਓ. ਵੱਲੋਂ ਕੀਤੀ ਗਈ ਹੈ ਅਤੇ ਹੇਠਾਂ ਲਿਖੇ ਵਾਧੂ ਸਹੂਲਤਾਂ ਮਿਲਦੀਆਂ ਹਨ:

| ✓ | **ਫਾਇਦੇ** |
|---|---|
| | ਆਪਸੀ ਫਾਇਦੇਮੰਦ ਸਬੰਧਾਂ ਤੱਕ ਪਹੁੰਚ, ਜੋ ਕਮਿਉਨਿਟੀ ਸ਼ਮੂਲੀਅਤ ਦੀ ਹਿਮਾਇਤ ਕਰਦੇ ਹਨ ਅਤੇ ਇਸਨੂੰ ਮਜ਼ਬੂਤ ਬਣਾਉਂਦੇ ਹਨ। |
| | ਐਸੋਸੀਏਸ਼ਨ ਮੈਂਬਰ ਵਾਲੰਟੀਅਰਾਂ ਵੱਲੋਂ ਸੰਚਾਲਿਤ ਨੇਬਰਹੁੱਡ ਪਹਿਲਕਦਮੀਆਂ ਲਈ ਸਹਾਇਤਾ। |
| | ਨੇਬਰਹੁੱਡ-ਸੰਚਾਲਿਤ ਪਹਿਲਕਦਮੀਆਂ ਲਈ ਸਿਟੀ ਵੱਲੋਂ ਮਾਨਤਾ, ਜੋ ਕਮਿਉਨਿਟੀ ਸੁਰੱਖਿਆ ਅਤੇ ਭਲਾਈ ਵਿੱਚ ਵਾਧਾ ਕਰਦੀਆਂ ਹਨ। |
| | ਲੋਕਲ ਨੇਬਰਹੁੱਡ ਚਿੰਤਾਵਾਂ ਤੇ ਧਿਆਨ ਦੇਣ ਲਈ, ਸਿਟੀ ਦੇ ਨਾਲ ਮਿਲ ਕੇ ਕੰਮ ਕਰਨ ਵਾਸਤੇ ਐਸੋਸੀਏਸ਼ਨ ਮੈਂਬਰਾਂ ਲਈ ਮੌਕਿਆਂ ਤੱਕ ਪਹੁੰਚ। |

# B ਸਿਟੀ ਦੇ ਨਾਲ ਐਫਿਲਿਏਟੇਡ ਹੋਣ ਲਈ ਕੀ ਜ਼ਰੂਰੀ ਹੈ?

ਮਾਨਤਾ ਪ੍ਰਾਪਤ ਐਫਿਲਿਏਟੇਡ ਸਮੂਹ ਵਜੋਂ ਯੋਗ ਹੋਣ ਲਈ ਅਤੇ ਢੁੱਕਵੀਂਆਂ ਸਹਾਇਤਾਵਾਂ ਅਤੇ ਫਾਇਦੇ ਪ੍ਰਾਪਤ ਕਰਨ ਲਈ, ਨੇਬਰਹੁੱਡ ਐਸੋਸੀਏਸ਼ਨਾਂ ਲਈ ਹੇਠਾਂ ਦਿੱਤੀਆਂ ਸਾਰੀਆਂ ਸ਼ਰਤਾਂ ਅਤੇ ਪਾਤਰਤਾ ਮਾਪਦੰਡ ਨੂੰ ਪੂਰਾ ਕਰਨਾ ਲਾਜ਼ਮੀ ਹੈ:

| ✓ | ਸ਼ਰਤਾਂ ਅਤੇ ਪਾਤਰਤਾ |
|---|---|
| 1 | **ਭੂਗੋਲ** |
| | ਨੇਬਰਹੁੱਡ ਐਸੋਸੀਏਸ਼ਨ, ਸਿਟੀ ਆਫ ਬ੍ਰੈਂਪਟਨ ਦੇ ਅੰਦਰ ਸਥਿਤ ਹੋਣੀ ਲਾਜ਼ਮੀ ਹੈ।<br>ਲਾਜ਼ਮੀ ਹੈ ਕਿ ਸਾਰੇ ਮੈਂਬਰ ਨਿਰਧਾਰਤ ਭੂਗੋਲਿਕ ਸੀਮਾਵਾਂ ਦੇ ਅੰਦਰ ਰਹਿੰਦੇ ਹੋਣ, ਜੋ ਨੇਬਰਹੁੱਡ ਐਸੋਸੀਏਸ਼ਨ ਵੱਲੋਂ ਸਥਾਪਤ ਕੀਤੀਆਂ ਗਈਆਂ ਹਨ।<br>ਸੀ.ਐਸ.ਡਬਲਯੂ.ਓ., ਅਰਜ਼ੀ ਪ੍ਰਕਿਰਿਆ ਦੇ ਹਿੱਸੇ ਵਜੋਂ ਪ੍ਰਸਤਾਵਿਤ ਸੀਮਾਵਾਂ ਦੀ ਸਮੀਖਿਆ ਕਰਕੇ ਪ੍ਰਵਾਨਗੀ ਦੇਵੇਗਾ ਅਤੇ ਕਿਸੇ ਖਾਸ ਖੇਤਰ ਤੇ ਆਪਸੀ ਦਾਅਵੇ ਦੇ ਕਿਸੇ ਵੀ ਮਾਮਲਿਆਂ ਨੂੰ ਹੱਲ ਕਰਨ ਵਿੱਚ ਮਦਦ ਕਰੇਗਾ।<br>ਅਜਿਹੇ ਮਾਮਲਿਆਂ ਵਿੱਚ, ਸੀ.ਐਸ.ਡਬਲਯੂ.ਓ., ਹੱਲ ਲੱਭਣ ਲਈ ਦੋਵਾਂ ਧਿਰਾਂ ਦੇ ਨਾਲ ਮਿਲ ਕੇ ਕੰਮ ਕਰੇਗਾ। ਇਸਦੇ ਨਤੀਜਿਆਂ ਵਿੱਚ ਸ਼ਾਮਲ ਹਨ, ਪਰੰਤੂ ਇਹਨਾਂ ਤੱਕ ਸੀਮਿਤ ਨਹੀਂ ਹਨ:<br>• ਐਫਿਲਿਏਸ਼ਨ ਦੇ ਉਦੇਸ਼ ਲਈ ਨੇਬਰਹੁੱਡ ਐਸੋਸੀਏਸ਼ਨਾਂ ਨੂੰ ਮਿਲਾਉਣਾ,<br>• ਉਸ ਸੀਮਾ ਦੇ ਨਾਲ, ਐਫਿਲਿਏਸ਼ਨ ਗ੍ਰਾਂਟ ਕਰਨਾ, ਜਿਸ ਵਿੱਚ ਸਾਂਝੀ ਭੂਗੋਲਿਕ ਸੀਮਾ ਵਾਲੀਆਂ ਕਈ ਨੇਬਰਹੁੱਡ ਐਸੋਸੀਏਸ਼ਨਾਂ ਨੂੰ ਇੱਕੋ ਵੇਲੇ ਫੰਡਾਂ ਵਾਸਤੇ ਅਪਲਾਈ ਕਰਨ ਦੀ ਇਜਾਜ਼ਤ ਨਾ ਹੋਵੇ,<br>• ਐਫਿਲਿਏਸ਼ਨ ਸਟੇਟਸ ਅਸਵੀਕਾਰ ਕਰਨਾ। |
| 2 | **ਵਿੱਤੀ ਸਥਿਰਤਾ** |
| | ਨੇਬਰਹੁੱਡ ਐਸੋਸੀਏਸ਼ਨ ਲਈ ਸਹੀ ਵਿੱਤੀ ਪ੍ਰਬੰਧਨ ਪੱਧਤੀਆਂ ਅਤੇ ਪਾਰਦਰਸ਼ਕਤਾ ਦਾ ਇਸਤੇਮਾਲ ਕਰਨਾ ਲਾਜ਼ਮੀ ਹੈ। ਸੀ.ਐਸ.ਡਬਲਯੂ.ਓ., ਕਲੋਜ਼ ਆਊਟ ਪੀਰੀਅਡ ਅਤੇ ਨਵਿਆਉਣ ਪ੍ਰਕਿਰਿਆ ਦੇ ਹਿੱਸੇ ਵਜੋਂ ਸਾਲਾਨਾ ਆਧਾਰ ਤੇ, ਨੇਬਰਹੁੱਡ ਐਸੋਸੀਏਸ਼ਨ ਵੱਲੋਂ ਨਰਚਰਡ ਨੇਬਰਹੁੱਡ ਗ੍ਰਾਂਟ ਫੰਡਾਂ ਦੀ ਵਰਤੋਂ ਦੀ ਸਮੀਖਿਆ ਕਰੇਗਾ। |

| ✓ | ਸ਼ਰਤਾਂ ਅਤੇ ਪਾਤਰਤਾ |
|---|---|
| **3** | **ਢਾਂਚਾ** |
| | ਨੇਬਰਹੁੱਡ ਐਸੋਸੀਏਸ਼ਨ ਲਈ ਲਾਜ਼ਮੀ ਹੈ ਕਿ ਇਸਨੂੰ ਜਨਰਲ ਮੈਂਬਰਸ਼ਿਪ, ਟ੍ਰੈਜਰਰ ਅਤੇ ਸੀ.ਐਸ.ਡਬਲਯੂ.ਓ. ਅਤੇ ਨੇਬਰਹੁੱਡ ਐਸੋਸੀਏਸ਼ਨ ਦੇ ਵਿਚਕਾਰ ਸੰਪਰਕ ਦੇ ਮੁੱਖ ਵਿਅਕਤੀ ਵੱਲੋਂ ਦੋ ਮੁੱਖ ਪੋਜੀਸ਼ਨਾਂ ਦੀਆਂ ਚੋਣਾਂ ਦੇ ਦੁਆਰਾ, ਇੱਕ ਖੁੱਲੇ ਅਤੇ ਲੋਕਤੰਤਰੀ ਢੰਗ ਨਾਲ ਸੰਚਾਲਿਤ ਕੀਤਾ ਜਾਵੇ। ਚੋਣਾਂ ਦੀ ਪ੍ਰਕਿਰਿਆ ਬਾਰੇ ਵਧੇਰੇ ਜਾਣਕਾਰੀ ਲਈ, ਨੇਬਰਹੁੱਡ ਐਸੋਸੀਏਸ਼ਨ, ਸਹਾਇਤਾ ਲਈ ਸੀ.ਐਸ.ਡਬਲਯੂ.ਓ. ਨੂੰ ਸੰਪਰਕ ਕਰ ਸਕਦੀ ਹੈ। |
| | ਘੱਟੋ-ਘੱਟ 50% ਮੈਂਬਰਾਂ ਦੀ ਉਮਰ 18 ਸਾਲ ਤੋਂ ਵੱਧ ਹੋਣੀ ਲਾਜ਼ਮੀ ਹੈ। |
| | ਇੱਕ ਪਰਿਵਾਰ ਵਿੱਚੋਂ ਇੱਕ (1) ਵੋਟਰ ਦੀ ਇਜਾਜ਼ਤ ਹੈ। |
| | ਲਾਜ਼ਮੀ ਹੈ ਕਿ ਨੇਬਰਹੁੱਡ ਐਸੋਸੀਏਸ਼ਨ, ਇੱਕੋ ਨੇਬਰਹੁੱਡ ਵਿੱਚੋਂ, ਹਰੇਕ ਵੱਖਰੇ ਪਰਿਵਾਰਾਂ ਵਿੱਚੋਂ, ਬ੍ਰੈਂਪਟਨ ਦੇ ਘੱਟੋ-ਘੱਟ ਵੀਹ (20) ਵਸਨੀਕਾਂ ਨਾਲ ਬਣੀ ਹੋਵੇ। ਸੀ.ਐਸ.ਡਬਲਯੂ.ਓ., ਅਰਜ਼ੀਆਂ ਅਤੇ ਪ੍ਰਸਤਾਵਿਤ ਸੀਮਾਵਾਂ ਦੀ ਸਮੀਖਿਆ ਕਰੇਗਾ ਅਤੇ ਉਹਨਾਂ ਮਾਮਲਿਆਂ ਦੀ ਪਛਾਣ ਕਰੇਗਾ, ਜਿੱਥੇ ਬਿਨੈਕਾਰ, ਗੈਰ-ਜ਼ਰੂਰੀ ਕਮਿਉਨਿਟੀ ਡਿਵੀਜਨ ਤੋਂ ਬਚਣ ਲਈ, ਮੌਜੂਦਾ ਨੇਬਰਹੁੱਡ ਐਸੋਸੀਏਸ਼ਨ ਵਿੱਚ ਸ਼ਾਮਲ ਹੋਣਾ ਚਾਹੁੰਦੇ ਹਨ। |
| | ਲਾਜ਼ਮੀ ਹੈ ਕਿ ਨੇਬਰਹੁੱਡ ਐਸੋਸੀਏਸ਼ਨ ਇੱਕ ਵਾਲੰਟੀਅਰ-ਅਧਾਰਿਤ ਸਮੂਹ ਹੋਵੇ। |
| **4** | **ਐਗਰੀਮੈਂਟ** |
| | ਨੇਬਰਹੁੱਡ ਐਸੋਸੀਏਸ਼ਨਾਂ ਲਈ ਇੱਕ ਐਗਰੀਮੈਂਟ ਤੇ ਦਸਤਖ਼ਤ ਕਰਨੇ ਅਤੇ ਉਸਦੀ ਪਾਲਣਾ ਕਰਨੀ ਲਾਜ਼ਮੀ ਹੈ, ਜੋ ਐਫਿਲਿਏਸ਼ਨ ਲਈ ਸੀ.ਐਸ.ਡਬਲਯੂ.ਓ. ਦੀਆਂ ਸ਼ਰਤਾਂ ਅਤੇ ਹੋਰ ਸਬੰਧਿਤ ਜਾਣਕਾਰੀ ਦਾ ਸੰਖੇਪ ਵਰਣਨ ਦਿੰਦਾ ਹੈ। |
| **5** | **ਗਤੀਵਿਧੀਆਂ** |
| | ਲਾਜ਼ਮੀ ਹੈ ਕਿ ਨੇਬਰਹੁੱਡ ਐਸੋਸੀਏਸ਼ਨ ਦੀ ਇੱਕ ਜਾਂ ਵੱਧ ਨੇਬਰਹੁੱਡ-ਅਧਾਰਿਤ ਗਤੀਵਿਧੀ, ਪ੍ਰੋਗਰਾਮ ਜਾਂ ਕਾਰਜਕਰਮ ਹੋਵੇ, ਜੋ ਸਿਟੀ ਦੇ ਸਿਹਤ ਅਤੇ ਭਲਾਈ ਦੇ ਕਾਰਪੋਰੇਟ ਸਟ੍ਰੈਟਜਿਕ ਫੋਕਸ ਖੇਤਰ ਅਤੇ ਸਿਟੀ ਆਫ ਬ੍ਰੈਂਪਟਨ ਦੇ ਕਮਿਉਨਿਟੀ ਸੇਫਟੀ ਐਕਸ਼ਨ ਪਲਾਨ ਦੀ ਹਿਮਾਇਤ ਕਰਦਾ ਹੋਵੇ।<br>ਨੇਬਰਹੁੱਡ ਐਸੋਸੀਏਸ਼ਨਾਂ ਲਈ ਐਡਵਾਂਸ ਵਿੱਚ ਹੀ ਸੀ.ਐਸ.ਡਬਲਯੂ.ਓ. ਕੋਲ ਕਿਸੇ ਵੀ ਗਤੀਵਿਧੀਆਂ/ਸ਼ੈਡਿਊਲਾਂ/ਤਾਰੀਖਾਂ (ਜਿਵੇਂ, ਨੇਬਰਹੁੱਡ ਦੀ ਸਫਾਈ, ਪੌਦੇ ਲਗਾਉਣਾ, ਪਾਰਟੀਆਂ ਆਦਿ) ਦੀ ਇੱਕ ਕਾਪੀ ਜਮ੍ਹਾਂ ਕਰਨੀ ਲਾਜ਼ਮੀ ਹੈ, ਲਾਗਤਾਂ ਨਾਲ ਸਬੰਧਿਤ ਵਿੱਤੀ ਜਾਣਕਾਰੀ ਅਤੇ ਨਰਚਰਡ ਨੇਬਰਹੁੱਡ ਗ੍ਰਾਂਟ ਫੰਡਾਂ ਦੀ ਵਰਤੋਂ ਸਮੇਤ। |
| **6** | **ਹੋਰ ਸ਼ਰਤਾਂ** |
| | ਨੇਬਰਹੁੱਡ ਐਸੋਸੀਏਸ਼ਨ ਲਈ ਮੀਟਿੰਗ ਦੇ ਸੰਖਿਪਤ ਵੇਰਵੇ ਅਤੇ ਮੀਟਿੰਗ ਹਾਜ਼ਰੀ ਦਾ ਰਿਕਾਰਡ ਰੱਖਦੇ ਹੋਏ, ਐਫਿਲਿਏਸ਼ਨ ਗ੍ਰਾਂਟ ਪ੍ਰਾਪਤ ਹੋਣ ਵਾਲੇ ਸਾਲ ਦੇ ਅੰਦਰ ਇੱਕ ਐਨੁਅਲ ਜਨਰਲ ਮੀਟਿੰਗ (ਏ.ਜੀ.ਐਮ.) ਰੱਖਣਾ ਲਾਜ਼ਮੀ ਹੈ। |
| | ਨੇਬਰਹੁੱਡ ਐਸੋਸੀਏਸ਼ਨਾਂ ਲਈ, ਓਨਟੈਰੀਓ ਹਿਊਮਨ ਰਾਈਟਸ ਕੋਡ (Ontario Human Rights Code) ਦੀ ਪਾਲਣਾ ਕਰਨਾ ਲਾਜ਼ਮੀ ਹੈ। |
| | ਨੇਬਰਹੁੱਡ ਐਸੋਸੀਏਸ਼ਨ ਦੀ ਕੰਪੋਜੀਸ਼ਨ, ਸੀ.ਐਸ.ਡਬਲਯੂ.ਓ. ਕੋਲ ਜਮ੍ਹਾਂ ਕਰਨੀ ਲਾਜ਼ਮੀ ਹੈ। |
| | ਅੱਪਡੇਟਸ ਜਾਂ ਬਦਲਾਅ, ਕਿਸੇ ਵੀ ਮੂਲ ਬਦਲਾਅ (ਜਿਵੇਂ, ਸੰਪਰਕ ਦੇ ਮੁੱਖ ਵਿਅਕਤੀ, ਟ੍ਰੈਜਰਰ ਆਦਿ ਵਿੱਚ ਬਦਲਾਅ) ਦੇ ਤੀਹ (30) ਦਿਨਾਂ ਦੇ ਅੰਦਰ ਸੀ.ਐਸ.ਡਬਲਯੂ.ਓ. ਕੋਲ ਜਮ੍ਹਾਂ ਕਰਨੇ ਲਾਜ਼ਮੀ ਹਨ। |
| | ਕਿਸੇ ਵੀ ਸਾਲਾਨਾ ਜਾਂ ਖਾਸ ਜਨਰਲ ਮੈਂਬਰਸ਼ਿਪ ਮੀਟਿੰਗਾਂ ਬਾਰੇ ਇੱਕ ਮਹੀਨਾ ਪਹਿਲਾਂ ਹੀ, ਸੀ.ਐਸ.ਡਬਲਯੂ.ਓ. ਨੂੰ ਸੂਚਨਾ ਪ੍ਰਦਾਨ ਕਰਨਾ ਲਾਜ਼ਮੀ ਹੈ। |

# C ਐਫਿਲਿਏਟੇਡ ਹੋਣ ਦੀ ਕੀ ਪ੍ਰਕਿਰਿਆ ਹੈ?

| ✓ | ਸਟੈਪਸ |
|---|---|
| **1** | **ਸੀ.ਐਸ.ਡਬਲਯੂ.ਓ. ਵੈਬਸਾਈਟ ਤੇ ਜਾਣਾ** |
| | www.brampton.ca/communitysafety ਤੇ ਜਾਓ |
| | ਪਛਾਣੀਆਂ ਗਈਆਂ ਸ਼ਰਤਾਂ ਅਤੇ ਪਾਤਰਤਾ ਪੜ੍ਹੋ (ਇਹ, www.brampton.ca/communitysafety ਤੇ ਜਾਂ ਇਸ ਗਾਈਡ ਦੇ ਪੰਨਿਆਂ 9-10 ਤੇ ਉਪਲਬਧ ਹਨ)। |
| | ਸ਼ਰਤਾਂ ਬਾਰੇ ਵਧੇਰੇ ਜਾਣਕਾਰੀ ਲਈ, ਸੀ.ਐਸ.ਡਬਲਯੂ.ਓ. ਨੂੰ (CSWO@brampton.ca) ਸੰਪਰਕ ਕਰੋ, ਜੇਕਰ ਜ਼ਰੂਰੀ ਹੋਵੇ। |
| **2** | **ਔਨਲਾਈਨ ਅਰਜ਼ੀ ਫਾਰਮ ਪੂਰਾ ਕਰੋ** |
| | ਜੇਕਰ ਤੁਹਾਡੀ ਨੇਬਰਹੁੱਡ ਐਸੋਸੀਏਸ਼ਨ, ਸ਼ਰਤਾਂ ਅਤੇ ਪਾਤਰਤਾ ਮਾਪਦੰਡ ਨੂੰ ਪੂਰਾ ਕਰਦੀ ਹੈ, ਤਾਂ ਇਨਟੇਕ ਪੀਰੀਅਡ ਦੇ ਅੰਦਰ ਔਨਲਾਈਨ ਅਰਜ਼ੀ ਫਾਰਮ ਪੂਰਾ ਕਰੋ। ਵਿਕਲਪਿਕ ਫੌਰਮੈਟ, ਬੇਨਤੀ ਕਰਨ ਤੇ ਉਪਲਬਧ ਹਨ। ਅਰਜ਼ੀ ਵਿੱਚ ਸ਼ਾਮਲ ਹੋਵੇਗਾ ਅਤੇ ਜ਼ਰੂਰੀ ਹੋਵੇਗਾ ਕਿ ਨੇਬਰਹੁੱਡ ਐਸੋਸੀਏਸ਼ਨਾਂ, ਸੀ.ਐਸ.ਡਬਲਯੂ.ਓ. ਪ੍ਰੋਜੈਕਟ ਕੰਮ ਯੋਜਨਾ ਅਤੇ ਬਜਟ ਟੈਂਪਲੇਟ ਨੂੰ ਪੂਰਾ ਕਰਨ। |
| | ਨੇਬਰਹੁੱਡ ਐਸੋਸੀਏਸ਼ਨਾਂ, ਕਿਸੇ ਵੀ ਸਵਾਲਾਂ ਲਈ ਜਾਂ ਅਰਜ਼ੀ ਪੂਰੀ ਕਰਨ ਵਿੱਚ ਸਹਾਇਤਾ ਲਈ, ਸੀ.ਐਸ. ਡਬਲਯੂ.ਓ. (CSWO@brampton.ca) ਨੂੰ ਸੰਪਰਕ ਕਰ ਸਕਦੀਆਂ ਹਨ। |
| **3** | **ਅਰਜ਼ੀ ਦੀ ਸਮੀਖਿਆ** |
| | ਸੀ.ਐਸ.ਡਬਲਯੂ.ਓ. ਸਾਰੀਆਂ ਅਰਜ਼ੀਆਂ ਦੀ ਸਮੀਖਿਆ ਕਰੇਗਾ ਅਤੇ ਅੱਠ (8) ਹਫਤਿਆਂ ਦੇ ਅੰਦਰ ਇੱਕ ਪ੍ਰਵਾਨਗੀ ਸਟੇਟਸ ਦੇ ਨਾਲ ਜਵਾਬ ਦੇਵੇਗਾ। ਸੀ.ਐਸ.ਡਬਲਯੂ.ਓ. ਦੇ ਨਾਲ ਮੀਟਿੰਗ ਵਿੱਚ ਚਰਚਾ ਕਰਕੇ ਸਾਰੀਆਂ ਪ੍ਰਵਾਨਗੀਆਂ ਦਿੱਤੀਆਂ ਜਾਣਗੀਆਂ। ਸੀ.ਐਸ.ਡਬਲਯੂ.ਓ., ਈਮੇਲ ਦੁਆਰਾ ਬਿਨੈਕਾਰਾਂ ਦੇ ਨਾਲ ਸੰਚਾਰ ਕਰੇਗਾ, ਜਦੋਂ ਤੱਕ ਕਿ ਕਿਸੇ ਹੋਰ ਤਰ੍ਹਾਂ ਨਾ ਦੱਸਿਆ ਗਿਆ ਹੋਵੇ ਜਾਂ ਬੇਨਤੀ ਨਾ ਕੀਤੀ ਗਈ ਹੋਵੇ। |
| **4** | **ਐਫਿਲਿਏਸ਼ਨ ਸਟੇਟਸ ਲਈ ਸੀ.ਐਸ.ਡਬਲਯੂ.ਓ. ਨਾਲ ਮੀਟਿੰਗ** |
| | ਸੀ.ਐਸ.ਡਬਲਯੂ.ਓ., ਨੇਬਰਹੁੱਡ ਐਸੋਸੀਏਸ਼ਨ ਐਫਿਲਿਏਸ਼ਨ ਐਗਰੀਮੈਂਟ ਤੇ ਦਸਤਖ਼ਤ ਕਰਨ ਵਾਸਤੇ, ਮੀਟਿੰਗ ਤੈਅ ਕਰਨ ਲਈ ਸਫਲ ਬਿਨੈਕਾਰਾਂ ਨਾਲ ਸੰਪਰਕ ਕਰੇਗਾ। |
| | ਜਦੋਂ ਨੇਬਰਹੁੱਡ ਐਸੋਸੀਏਸ਼ਨਾਂ ਨੂੰ ਐਫਿਲਿਏਸ਼ਨ ਸਟੇਟਸ ਪ੍ਰਾਪਤ ਹੋ ਜਾਵੇਗਾ, ਤਾਂ ਉਹ ਫਾਇਦੇ ਵਰਤਣਾ ਸ਼ੁਰੂ ਕਰ ਸਕਦੇ ਹਨ, ਜਿਵੇਂ ਵੀ ਲਾਗੂ ਹੋਵੇ। |
| **5** | **ਰੱਖ-ਰਖਾਅ ਅਤੇ ਸਮੀਖਿਆ** |
| | ਨੇਬਰਹੁੱਡ ਐਸੋਸੀਏਸ਼ਨਾਂ ਲਈ ਜ਼ਰੂਰੀ ਹੈ ਕਿ ਉਹ, ਗਤੀਵਿਧੀਆਂ, ਮੀਟਿੰਗਾਂ, ਫਾਈਨੈਂਸੇਜ ਅਤੇ ਪ੍ਰੋਜੈਕਟਾਂ ਬਾਰੇ, ਸੀ.ਐਸ.ਡਬਲਯੂ.ਓ. ਦੇ ਕਲੋਜ਼-ਆਊਟ ਰਿਪੋਰਟ ਟੈਂਪਲੇਟ ਤੋਂ ਬਾਅਦ, ਸਾਲ ਦੇ ਅਖੀਰ ਵਿੱਚ, ਸੀ.ਐਸ.ਡਬਲਯੂ.ਓ. ਨੂੰ ਰਿਪੋਰਟ ਕਰਨ। |
| | ਐਫਿਲਿਏਸ਼ਨ ਸਟੇਟਸ ਨੂੰ ਸਾਲਾਨਾ ਅਧਾਰ ਤੇ ਨਵਿਆਉਣਾ ਜ਼ਰੂਰੀ ਹੈ। ਹਾਲਾਂਕਿ ਨਵਿਆਉਣ ਪ੍ਰਕਿਰਿਆ ਦੇ ਹਿੱਸੇ ਵਜੋਂ ਪੂਰਾ ਅਰਜ਼ੀ ਫਾਰਮ ਜ਼ਰੂਰੀ ਨਹੀਂ ਹੈ, ਸੀ.ਐਸ.ਡਬਲਯੂ.ਓ. ਦਾ ਇੱਕ ਨੁਮਾਇੰਦਾ, ਉੱਪਰ ਸੂਚੀਬੱਧ ਰਿਪੋਰਟਾਂ ਦੇ ਸਬੰਧ ਵਿੱਚ, ਨੇਬਰਹੁੱਡ ਐਸੋਸੀਏਸ਼ਨ ਲੀਡਰਸ਼ਿਪ ਨੂੰ ਸੰਪਰਕ ਕਰੇਗਾ। |
| | ਸੀ.ਐਸ.ਡਬਲਯੂ.ਓ., ਨੇਬਰਹੁੱਡ ਐਸੋਸੀਏਸ਼ਨ ਦੀਆਂ ਗਤੀਵਿਧੀਆਂ, ਮੀਟਿੰਗਾਂ, ਫਾਈਨੈਂਸੇਜ ਅਤੇ ਪ੍ਰੋਜੈਕਟਾਂ ਦੀ ਸਮੀਖਿਆ ਦੇ ਅਧਾਰ ਤੇ ਨਵਿਆਉਣ ਪ੍ਰਵਾਨਗੀਆਂ ਦੇਵੇਗਾ। ਇਸਦੇ ਇਲਾਵਾ, ਸੀ.ਐਸ.ਡਬਲਯੂ.ਓ., ਨੇਬਰਹੁੱਡ ਐਸੋਸੀਏਸ਼ਨ ਐਫਿਲਿਏਸ਼ਨ ਐਗਰੀਮੈਂਟ ਅਤੇ ਓਨਟੈਰੀਓ ਹਿਊਮਨ ਰਾਈਟਸ ਕੋਡ ਸਬੰਧੀ ਸ਼ਿਕਾਇਤਾਂ ਤੇ ਵੀ ਵਿਚਾਰ ਕਰੇਗਾ। ਸਿਟੀ ਦੇ ਨਾਲ ਐਫਿਲਿਏਟੇਡ ਹੋਣ ਦੀ ਪ੍ਰਕਿਰਿਆ ਕਦੇ ਵੀ ਇੰਨੀ ਅਸਾਨ ਨਹੀਂ ਰਹੀ! |

**ਧਿਆਨ ਦਿਓ:** ਐਫਿਲਿਏਸ਼ਨ ਅਰਜ਼ੀਆਂ ਅਤੇ ਫੰਡਿੰਗ ਵਿੱਚ ਮਿਊਨਿਸਿਪਲ ਚੋਣਾਂ ਦੇ ਸਾਲ ਵਿੱਚ ਬਦਲਾਅ ਹੋ ਸਕਦੇ ਹਨ। ਫੰਡਿੰਗ ਅਤੇ ਗਤੀਵਿਧੀਆਂ ਨੂੰ ਮਿਊਨਿਸਿਪਲ ਚੋਣਾਂ ਦੀ ਤਾਰੀਖ ਦੇ ਬਾਅਦ ਰੋਕਿਆ ਜਾ ਸਕਦਾ ਹੈ।

## D ਨੇਬਰਹੁੱਡ ਐਸੋਸੀਏਸ਼ਨ ਐਫਿਲਿਏਸ਼ਨ ਵਿੱਚ ਸਿਟੀ ਕਿਹੜੀ ਭੂਮਿਕਾ ਨਿਭਾਉਂਦੀ ਹੈ?

ਸੀ.ਐਸ.ਡਬਲਯੂ.ਓ. ਦੇ ਦੁਆਰਾ, ਸਿਟੀ ਆਫ ਬ੍ਰੈਂਪਟਨ, ਇਸ ਗਾਈਡ ਵਿੱਚ ਦਿੱਤੀਆਂ ਗਈਆਂ ਸੇਵਾਵਾਂ ਪ੍ਰਦਾਨ ਕਰਕੇ ਸਾਰੀਆਂ ਐਫਿਲਿਏਟਿਡ ਨੇਬਰਹੁੱਡ ਐਸੋਸੀਏਸ਼ਨਾਂ ਦੀ ਸਹਾਇਤਾ ਕਰੇਗਾ।

ਸੀ.ਐਸ.ਡਬਲਯੂ.ਓ. ਦੇ ਦੁਆਰਾ, ਸਿਟੀ ਆਫ ਬ੍ਰੈਂਪਟਨ ਦਾ ਨੇਬਰਹੁੱਡ ਐਸੋਸੀਏਸ਼ਨਾਂ ਦੇ ਨਾਲ ਰਿਸ਼ਤਾ, ਸਹਾਇਤਾ ਅਤੇ ਮਾਰਗਦਰਸ਼ਨ ਦਾ ਹੈ। ਨੇਬਰਹੁੱਡ ਐਸੋਸੀਏਸ਼ਨਾਂ ਦੀ ਸਫਲਤਾ, ਉਹਨਾਂ ਦੇ ਮੈਂਬਰਾਂ ਦੀ ਵਚਨਬੱਧਤਾ ਤੇ ਨਿਰਭਰ ਕਰਦੀ ਹੈ। ਸੀ.ਐਸ.ਡਬਲਯੂ.ਓ. ਦੀ ਭੂਮਿਕਾ ਹੈ ਕਿ ਉਹ ਨੇਬਰਹੁੱਡ ਐਸੋਸੀਏਸ਼ਨਾਂ ਨੂੰ ਮਾਰਗਦਰਸ਼ਨ ਪ੍ਰਦਾਨ ਕਰਕੇ ਉਹਨਾਂ ਨੂੰ ਸਹਿਯੋਗ ਕਰੇ, ਜਦੋਂ ਵੀ ਬੇਨਤੀ ਕੀਤੀ ਜਾਵੇ, ਅਤੇ ਨੇਬਰਹੁੱਡ ਐਸੋਸੀਏਸ਼ਨਾਂ ਨੂੰ ਵਿਕਸਿਤ, ਸੰਪੰਨ ਹੋਣ ਅਤੇ ਵਧਣਾ ਜਾਰੀ ਰੱਖਣ ਲਈ ਉਹਨਾਂ ਦੀ ਸਮਰੱਥਾ ਵਿੱਚ ਸਹਾਇਤਾ ਕਰੇ। ਐਸੋਸੀਏਸ਼ਨ ਜਿੰਨੀ ਵੱਧ ਮਜ਼ਬੂਤ ਹੋਵੇਗੀ, ਓਨੀ ਹੀ ਇਹ ਉਸ ਨੇਬਰਹੁੱਡ ਦੇ ਅੰਦਰ, ਜਿਸਨੂੰ ਇਹ ਸੇਵਾ ਦਿੰਦੀ ਹੈ, ਸੁਰੱਖਿਆ ਅਤੇ ਭਲਾਈ ਵਿੱਚ ਵਾਧਾ ਕਰਨ ਵਿੱਚ ਵੱਧ ਪ੍ਰਭਾਵੀ ਹੋਵੇਗੀ।

ਸਿਟੀ, ਕਿਸੇ ਵੀ ਨੇਬਰਹੁੱਡ ਐਸੋਸੀਏਸ਼ਨ ਜਾਂ ਇਸਦੇ ਮੈਂਬਰਾਂ ਦੇ ਫੈਸਲਿਆਂ ਅਤੇ/ਜਾਂ ਕਾਰਵਾਈਆਂ ਲਈ ਜ਼ਿੰਮੇਵਾਰ ਨਹੀਂ ਹੈ।

## E ਐਫਿਲਿਏਸ਼ਨ ਸਟੇਟਸ ਦੀ ਪ੍ਰਵਾਨਗੀ

ਐਫਿਲਿਏਸ਼ਨ ਸਟੇਟਸ ਲਈ ਅਰਜ਼ੀਆਂ, ਹੋਰਾਂ ਸਿਟੀ ਡਿਵੀਜਨਾਂ ਦੇ ਨਾਲ ਮਸ਼ਵਰਾ ਕਰਕੇ, ਸੀ.ਐਸ. ਡਬਲਯੂ.ਓ. ਵੱਲੋਂ ਪ੍ਰਵਾਨ ਕੀਤੀਆਂ ਜਾਣਗੀਆਂ। ਪ੍ਰਵਾਨਗੀ ਦੀ ਪ੍ਰਕਿਰਿਆ ਵਿੱਚ, ਅਰਜ਼ੀ ਇਨਟੇਕ ਬੰਦ ਹੋਣ ਤੋਂ ਬਾਅਦ ਅੱਠ (8) ਹਫਤੇ ਤੱਕ ਲੱਗ ਸਕਦੇ ਹਨ।

ਪ੍ਰਵਾਨਗੀ ਮਿਲਣ ਤੇ, ਸਾਰੇ ਐਫਿਲਿਏਟੇਡ ਸਮੂਹਾਂ ਲਈ ਜ਼ਰੂਰੀ ਹੈ ਕਿ ਉਹ ਸੀ.ਐਸ.ਡਬਲਯੂ.ਓ. ਦੇ ਨਾਲ ਨੇਬਰਹੁੱਡ ਐਸੋਸੀਏਸ਼ਨ ਐਫਿਲਿਏਸ਼ਨ ਐਗਰੀਮੈਂਟ ਤੇ ਦਸਤਖ਼ਤ ਕਰਨ ਲਈ, ਸੀ.ਐਸ.ਡਬਲਯੂ.ਓ. ਨੂੰ ਮਿਲਣ। ਇਸ ਕੌਂਟਰੈਕਟ ਦੀ ਸ਼ਰਤ ਹੁੰਦੀ ਹੈ ਕਿ ਹਰੇਕ ਨੇਬਰਹੁੱਡ ਐਸੋਸੀਏਸ਼ਨ, ਇਸ ਗਾਈਡ ਵਿੱਚ ਦਿੱਤੀਆਂ ਗਈਆਂ ਗੱਲਾਂ ਦੀ ਪਾਲਣਾ ਕਰੇ।

ਐਫਿਲਿਏਸ਼ਨ ਸਟੇਟਸ ਲਈ ਪ੍ਰਵਾਨਗੀਆਂ, ਪ੍ਰਵਾਨਗੀ ਦੀ ਤਾਰੀਖ ਤੋਂ ਵੱਧ ਤੋਂ ਵੱਧ ਇੱਕ (1) ਸਾਲ ਲਈ ਦਿੱਤੀਆਂ ਜਾਂਦੀਆਂ ਹਨ। ਐਫਿਲਿਟੇਡ ਸਮੂਹਾਂ ਲਈ ਲਾਜ਼ਮੀ ਹੈ ਕਿ ਉਹ ਆਪਣੇ ਸਟੇਟਸ ਨੂੰ ਜਾਰੀ ਰੱਖਣ ਲਈ ਨਵਿਆਉਣ ਪ੍ਰਕਿਰਿਆ ਦੇ ਦੁਆਰਾ ਸੀ.ਐਸ. ਡਬਲਯੂ.ਓ. ਦੇ ਨਾਲ ਜੁੜਨ। ਪਿੱਛੋਂ ਦੇ ਸਾਲਾਂ ਲਈ ਪ੍ਰਵਾਨਗੀ ਨਹੀਂ ਦਿੱਤੀ ਜਾਂਦੀ।

## F ਐਫਿਲਿਏਸ਼ਨ ਸਟੇਟਸ ਦੀ ਸਮਾਪਤੀ

ਐਫਿਲਿਏਸ਼ਨ ਸਟੇਟਸ, ਸੀ.ਐਸ.ਡਬਲਯੂ.ਓ. ਵੱਲੋਂ ਰੱਦ ਕੀਤਾ ਜਾਵੇਗਾ ਅਤੇ ਸਹਾਇਤਾ ਲਈ ਭਵਿੱਖੀ ਬੇਨਤੀਆਂ ਅਸਵੀਕਾਰ ਕੀਤੀਆਂ ਜਾ ਸਕਦੀਆਂ ਹਨ, ਜੇਕਰ ਨੇਬਰਹੁੱਡ ਐਸੋਸੀਏਸ਼ਨ:

- ਐਫਿਲਿਏਸ਼ਨ ਦੁਆਰਾ ਪ੍ਰਦਾਨ ਕੀਤੀਆਂ ਸੇਵਾਵਾਂ ਅਤੇ ਵਿਸ਼ੇਸ਼ ਅਧਿਕਾਰਾਂ ਦੀ ਦੁਰਵਰਤੋਂ ਕਰਦੀ ਹੈ,
- ਵਿੱਤੀ ਤੌਰ ਤੇ ਜ਼ਿੰਮੇਵਾਰ ਤਰੀਕੇ ਨਾਲ ਸੰਚਾਲਨ ਕਰਨ ਵਿੱਚ ਅਸਫਲ ਰਹਿੰਦੀ ਹੈ,
- ਓਨਟੈਰੀਓ ਹਿਊਮਨ ਰਾਈਟਸ ਕੋਡ ਦੀ ਪਾਲਣਾ ਕਰਨ ਵਿੱਚ ਅਸਫਲ ਰਹਿੰਦੀ ਹੈ, ਅਤੇ/ਜਾਂ
- ਨੇਬਰਹੁੱਡ ਐਸੋਸੀਏਸ਼ਨ ਐਗਰੀਮੈਂਟ ਦੇ ਉਲਟ ਢੰਗ ਨਾਲ ਕੰਮ ਕਰਦੀ ਹੈ।

ਐਫਿਲਿਏਟੇਡ ਨੇਬਰਹੁੱਡ ਐਸੋਸੀਏਸ਼ਨਾਂ ਲਈ, ਓਨਟੈਰੀਓ ਹਿਊਮਨ ਰਾਈਟਸ ਕੋਡ ਦੀ ਪਾਲਣਾ ਕਰਨਾ ਲਾਜ਼ਮੀ ਹੈ। ਕੋਡ ਹੇਠ ਪਾਬੰਦੀ ਲਗਾਏ ਅਧਾਰਾਂ ਵਿੱਚ ਸ਼ਾਮਲ ਹਨ, ਜਾਤੀ, ਵੰਸ਼, ਮੂਲ ਜਗ੍ਹਾ, ਨਸਲੀ ਮੂਲ, ਨਾਗਰਿਕਤਾ, ਜਿਨਸੀ ਨਿਰਧਾਰਨ, ਲਿੰਗ, ਲਿੰਗ ਸਬੰਧੀ ਪਛਾਣ, ਲਿੰਗ ਸਬੰਧੀ ਪ੍ਰਗਟਾਵਾ, ਅਪਾਹਜਪੁਣੇ, ਰੰਗ, ਸੰਪਰਦਾਇ, ਉਮਰ, ਵਿਵਾਹਕ ਸਟੇਟਸ, ਪਰਿਵਾਰਕ ਸਟੇਟਸ, ਮੋੜਵੀਂ ਕਾਰਵਾਈ, ਪਬਲਿਕ ਸਹਾਇਤਾ (ਰਿਹਾਇਸ਼ ਵਿੱਚ) ਦੀ ਪ੍ਰਾਪਤੀ, ਅਪਰਾਧਾਂ ਦੇ ਰਿਕਾਰਡ (ਰੋਜ਼ਗਾਰ ਵਿੱਚ) ਨਾਲ ਸਬੰਧਿਤ ਕਿਸੇ ਵੀ ਤਰਾਂ ਦਾ ਪੱਖਪਾਤ ਅਤੇ ਐਸੋਸੀਏਸ਼ਨ ਦੇ ਕਾਰਨ ਪੱਖਪਾਤ।

ਜੇਕਰ ਐਫਿਲਿਏਟੇਡ ਨੇਬਰਹੁੱਡ ਐਸੋਸੀਏਸ਼ਨ ਦੇ ਕਿਸੇ ਵੀ ਮੈਂਬਰ ਵੱਲੋਂ ਉੱਪਰ ਸੂਚੀਬੱਧ ਪਾਬੰਦੀ ਵਾਲੇ ਆਚਰਨ ਦੀ ਰਿਪੋਰਟ ਮਿਲਦੀ ਹੈ, ਤਾਂ ਸੀ.ਐਸ.ਡਬਲਯੂ.ਓ. ਵੱਲੋਂ ਐਫਿਲਿਏਸ਼ਨ ਸਟੇਟਸ ਦੀ ਸਮੀਖਿਆ ਕੀਤੀ ਜਾਵੇਗੀ ਅਤੇ ਸੰਭਾਵੀ ਤੌਰ ਤੇ ਇਸਨੂੰ ਰੱਦ ਕੀਤਾ ਜਾਵੇਗਾ। ਅਜਿਹੇ ਆਚਰਨ ਦੀਆਂ ਰਿਪੋਰਟਾਂ, ਸੀ.ਐਸ.ਡਬਲਯੂ.ਓ. ਦੇ ਸਬੰਧਿਤ ਸੰਪਰਕ ਵਿਅਕਤੀ ਅਤੇ/ਜਾਂ ਸੀ.ਐਸ.ਡਬਲਯੂ.ਓ. ਪ੍ਰਬੰਧਨ ਨੂੰ ਕੀਤੀਆਂ ਜਾ ਸਕਦੀਆਂ ਹਨ। ਸੀ.ਐਸ.ਡਬਲਯੂ.ਓ., ਵਚਨਬੱਧ ਹੈ ਕਿ ਉਹ ਪਾਬੰਦੀ ਵਾਲੇ ਆਚਰਨ ਦੀਆਂ ਰਿਪੋਰਟਾਂ ਦੀ ਸਮੀਖਿਆ ਇਸ ਤਰੀਕੇ ਨਾਲ ਕਰੇ, ਜਿਸ ਵਿੱਚ ਸ਼ਿਕਾਇਤਕਰਤਾ ਦਾ ਵੱਧ ਤੋਂ ਵੱਧ ਬਚਾਅ ਹੋਵੇ। ਸੀ.ਐਸ.ਡਬਲਯੂ.ਓ., ਪਾਬੰਦੀ ਵਾਲੇ ਆਚਰਨ ਦੀਆਂ ਰਿਪੋਰਟਾਂ ਦਾ ਜਵਾਬ, ਵੱਖ-ਵੱਖ ਡਿਗਰੀ ਵਾਲੀ ਕਾਰਵਾਈ ਦੇ ਨਾਲ ਦਿੰਦਾ ਹੈ, ਜਿਹਨਾਂ ਵਿੱਚ ਸ਼ਾਮਲ ਹਨ, ਪਰੰਤੂ ਇਹਨਾਂ ਤੱਕ ਸੀਮਿਤ ਨਹੀਂ ਹਨ, ਚਿਤਾਵਨੀਆਂ ਦੇਣਾ ਅਤੇ ਐਫਿਲਿਏਟੇਡ ਸਟੇਟਸ ਦੀ ਸਮਾਪਤੀ। ਨੇਬਰਹੁੱਡ ਐਸੋਸੀਏਸ਼ਨਾਂ, ਜੋ ਐਗਰੀਮੈਂਟ ਦੇ ਉਲਟ ਚੱਲਣ ਵਾਲੇ ਮੈਂਬਰ ਸਬੰਧੀ ਸਹਾਇਤਾ ਚਾਹੁੰਦੀਆਂ ਹਨ, ਉਹ ਸਹਾਇਤਾ ਲਈ ਸੀ.ਐਸ.ਡਬਲਯੂ.ਓ. ਨੂੰ ਸੰਪਰਕ ਕਰ ਸਕਦੀਆਂ ਹਨ।

ਨੇਬਰਹੁੱਡ ਐਸੀਸੋਏਸ਼ਨਾਂ, ਕਿਸੇ ਵੀ ਸਮੇਂ ਐਫਿਲਿਏਟੇਡ ਸਟੇਟਸ ਸਮਾਪਤ ਕਰ ਸਕਦੀਆਂ ਹਨ। ਐਫਿਲਿਏਸ਼ਨ ਸਮਾਪਤ ਕਰਨ ਦੀਆਂ ਬੇਨਤੀਆਂ, ਸੀ.ਐਸ.ਡਬਲਯੂ.ਓ. (CSWO@brampton.ca ਦੁਆਰਾ) ਨੂੰ ਲਿਖਤੀ ਰੂਪ ਵਿੱਚ ਕੀਤੀਆਂ ਜਾਣੀਆਂ ਲਾਜ਼ਮੀ ਹਨ ਅਤੇ ਸਮੂਹ ਦੇ ਸੰਪਰਕ ਦੇ ਮੁੱਖ ਵਿਅਕਤੀ ਵੱਲੋਂ ਉਹਨਾਂ ਤੇ ਦਸਤਖ਼ਤ ਕੀਤੇ ਜਾਣੇ ਲਾਜ਼ਮੀ ਹਨ।

COMMUNITY SAFETY
& WELL-BEING



# ਭਾਗ ਚਾਰ

# ਲੋਕਾਂ ਨੂੰ ਜੋੜਨਾ

ਬ੍ਰੈਂਪਟਨ ਦੇ ਨੇਬਰਹੁੱਡ, ਵੰਨ-ਸੁਵੰਨਤਾ ਅਤੇ ਸੱਭਿਆਚਾਰ ਵਿੱਚ ਸੰਪੰਨ ਹਨ। ਇਹ ਯਕੀਨੀ ਬਣਾਉਣਾ ਬੇਹੱਦ ਜ਼ਰੂਰੀ ਹੈ ਕਿ ਅਜਿਹੀਆਂ ਐਸੋਸੀਏਸ਼ਨਾਂ ਬਣਾਉਣ ਦਾ ਹਰ ਸੰਭਵ ਯਤਨ ਕੀਤਾ ਜਾਂਦਾ ਹੈ, ਜੋ ਨੇਬਰਹੁੱਡ ਦਾ ਪ੍ਰਤੀਬਿੰਬ ਹੋਣ। ਇਸਨੂੰ ਹਾਸਲ ਕਰਨ ਲਈ, ਨੇਬਰਹੁੱਡ ਐਸੋਸੀਏਸ਼ਨਾਂ ਲਈ ਮੈਂਬਰਸ਼ਿਪ ਭਰਤੀ ਸਟ੍ਰੈਟਜੀ, ਖਾਸ ਹੋਣੀ ਚਾਹੀਦੀ ਹੈ ਅਤੇ ਇਸ ਵਿੱਚ ਕਈ ਤਰ੍ਹਾਂ ਦੇ ਕਾਰਕ ਸ਼ਾਮਲ ਹੋਣੇ ਚਾਹੀਦੇ ਹਨ:

| ✓ | ਚਿੰਤਨ |
|---|---|
| | ਪਰਿਵਾਰ ਦਾ ਪ੍ਰਕਾਰ |
| | ਸੱਭਿਆਚਾਰ ਅਤੇ ਧਰਮ |
| | ਉਮਰ ਵਰਗ |
| | ਭਾਸ਼ਾਵਾਂ |
| | ਯੋਗਤਾਵਾਂ |
| | ਲਿੰਗ ਅਤੇ/ਜਾਂ ਲਿੰਗ ਸਬੰਧੀ ਪਛਾਣ |
| | ਜਿਨਸੀ ਲੱਛਣ |

*"ਮੇਰੇ ਨੇਬਰਹੁੱਡ ਵਿੱਚ ਨੇਬਰਹੁੱਡ ਐਸੋਸੀਏਸ਼ਨ ਦੀ ਲੋੜ ਹੈ ਕਿਉਂਕਿ ਗਵਾਂਢੀ ਘੁਲਦੇ-ਮਿਲਦੇ ਨਹੀਂ ਹਨ ਅਤੇ ਕਿਸੇ ਨੂੰ ਵੀ ਆਪਣੇਪਣ ਦੀ ਭਾਵਨਾ ਮਹਿਸੂਸ ਨਹੀਂ ਹੁੰਦੀ।"*

- ਵਸਨੀਕ, ਨਰਚਰਿੰਗ ਨੇਬਰਹੁੱਡਸ ਪ੍ਰੋਗਰਾਮ ਸਰਵੇਖਣ

## A ਸ਼ੁਰੂਆਤ ਕਿਵੇਂ ਕੀਤੀ ਜਾਵੇ!

ਗਵਾਂਢੀਆਂ ਨਾਲ ਜੁੜਨ ਅਤੇ ਨੇਬਰਹੁੱਡ ਐਸੋਸੀਏਸ਼ਨ ਸ਼ੁਰੂ ਕਰਨ ਲਈ ਇਹਨਾਂ ਲਾਭਕਾਰੀ ਸੁਝਾਵਾਂ ਦੀ ਪਾਲਣਾ ਕਰੋ:

| ✓ | ਸਟੈਪਸ |
|---|---|
| 1 | **ਆਪਣੇ ਗਵਾਂਢੀਆਂ ਨੂੰ ਮਿਲੋ** |
| | ਆਪਣੇ ਗਵਾਂਢੀਆਂ ਬਾਰੇ ਜਾਣੋ! |
| | ਅਜਿਹੇ ਗਵਾਂਢੀਆਂ ਦਾ ਇੱਕ ਸਮੂਹ ਇਕੱਠਾ ਕਰੋ, ਜਿਹਨਾਂ ਨੂੰ ਨੇਬਰਹੁੱਡ ਵਿੱਚ ਸੁਰੱਖਿਆ ਅਤੇ ਭਲਾਈ ਵਿੱਚ ਸੁਧਾਰ ਕਰਨ ਵਿੱਚ ਇੱਕੋ ਜਿਹੀ ਦਿਲਚਸਪੀ ਹੋਵੇ। |
| | ਇਹ ਪਤਾ ਕਰਨ ਲਈ ਸੀ.ਐਸ.ਡਬਲਯੂ.ਓ. ਨੂੰ ਸੰਪਰਕ ਕਰੋ ਕਿ ਕੀ ਤੁਹਾਡੇ ਖੇਤਰ ਵਿੱਚ ਕੋਈ ਮੌਜੂਦਾ ਨੇਬਰਹੁੱਡ ਐਸੋਸੀਏਸ਼ਨ ਹੈ। |
| 2 | **ਸਮੂਹਿਕ ਗੱਲਬਾਤ ਸ਼ੁਰੂ ਕਰੋ** |
| | ਮੁਫਤ ਔਨਲਾਈਨ ਸੋਸ਼ਲ/ਡਿਜੀਟਲ ਪਲੇਟਫਾਰਮਾਂ ਤੇ ਇੱਕ ਵਰਚੁਅਲ (ਆਭਾਸੀ) ਸਮੂਹਿਕ ਗੱਲਬਾਤ ਸ਼ੁਰੂ ਕਰੋ। ਮਦਦ ਅਤੇ ਵਿਚਾਰਾਂ ਲਈ, ਸੀ.ਐਸ.ਡਬਲਯੂ.ਓ. (CSWO@brampton.ca) ਨੂੰ ਸੰਪਰਕ ਕਰੋ। |
| | ਨੇੜਲੇ ਕਮਿਉਨਿਟੀ ਪਾਰਕ ਜਾਂ ਟ੍ਰੇਲ ਵਿਖੇ ਵਿਅਕਤੀਗਤ ਸਮੂਹਿਕ ਗੱਲਬਾਤ ਸ਼ੁਰੂ ਕਰੋ। |
| | ਯਕੀਨੀ ਬਣਾਓ ਕਿ ਸੰਚਾਰ ਦਾ(ਦੇ) ਢੰਗ, ਟੈਕਨੋਲੋਜੀ ਤੱਕ ਵੱਖ-ਵੱਖ ਤਰ੍ਹਾਂ ਦੀ ਪਹੁੰਚ ਵਾਲੇ ਲੋਕਾਂ ਲਈ ਵੀ ਢੁੱਕਵੇਂ ਹਨ ਅਤੇ ਭਾਸ਼ਾ ਸਬੰਧੀ ਰੁਕਾਵਟਾਂ ਵਾਲੇ ਲੋਕਾਂ ਲਈ ਵੀ ਢੁੱਕਵੇਂ ਹਨ। |
| | ਗੱਲਬਾਤ ਕਰਨ ਦੇ ਸੰਭਾਵੀ ਵਿਸ਼ੇ: ਸੁਰੱਖਿਆ, ਸੁੰਦਰਤਾ, ਜੁੜੇ ਰਹਿਣਾ, ਵਸੀਲਿਆਂ ਤੱਕ ਪਹੁੰਚਣਾ। |

| ✓ | ਸਟੈਪਸ |
|---|---|
| **3** | **ਰਸਮੀ ਰੂਪ ਦੇਣਾ** |
| | ਅਜਿਹੇ ਗਵਾਂਢੀਆਂ ਦੇ ਸਮੂਹ ਨਾਲ ਇੱਕ ਰਸਮੀ ਨੇਬਰਹੁੱਡ ਐਸੋਸੀਏਸ਼ਨ ਸਥਾਪਤ ਕਰੋ, ਜਿਹਨਾਂ ਨੇ ਹੁਣ ਤੱਕ ਭਾਗੀਦਾਰੀ ਨਿਭਾਈ ਹੈ। |
| | ਸਮੂਹ ਦੇ ਨਾਮ ਦੀ ਪਛਾਣ ਕਰੋ, ਉਦਾਹਰਣ ਲਈ: ਤੁਹਾਡੀ "ਗਲੀ ਦਾ ਨਾਮ/ਨੇਬਰਹੁੱਡ ਦਾ ਨਾਮ ਨੇਬਰਹੁੱਡ ਐਸੋਸੀਏਸ਼ਨ।" |
| | ਸੀ.ਐਸ.ਡਬਲਯੂ.ਓ. ਸਟਾਫ ਦੇ ਨਾਲ ਆਪਣੀ ਭੂਗੋਲਿਕ ਸੀਮਾ ਪਛਾਣੋ ਅਤੇ ਉਸਨੂੰ ਅੰਤਿਮ ਰੂਪ ਦਿਓ। |
| | ਮਾਪਦੰਡ, ਨਿਰਦੇਸ਼, ਕੰਪੋਜੀਸ਼ਨ ਅਤੇ ਸੰਚਾਰ ਦੇ ਨਿਯਮ ਤੈਅ ਕਰੋ। |
| **4** | **ਨੇਬਰਹੁੱਡ ਸੈਰ ਦੀ ਯੋਜਨਾ ਬਣਾਓ** |
| | ਇਸ ਬਾਰੇ ਗੱਲਬਾਤ ਕਰਨ ਲਈ ਕਿ ਤੁਹਾਨੂੰ ਕੀ ਪਸੰਦ ਹੈ ਅਤੇ ਤੁਸੀਂ ਕਿਹੜੀ ਚੀਜ਼ ਵਿੱਚ ਸੁਧਾਰ ਦੇਖਣਾ ਚਾਹੁੰਦੇ ਹੋ, ਗਵਾਂਢੀਆਂ ਦੇ ਨਾਲ ਆਪਣੇ ਨੇਬਰਹੁੱਡ ਵਿੱਚ ਹਲਕੀ-ਫੁਲਕੀ ਸੈਰ ਕਰੋ। |
| | ਨੇਬਰਹੁੱਡ ਲਈ ਟੀਚੇ, ਤਰਜੀਹਾਂ ਅਤੇ ਇੱਕ ਸਮੁੱਚਾ ਦ੍ਰਿਸ਼ਟੀਕੋਣ ਤੈਅ ਕਰੋ। |
| | ਨੇਬਰਹੁੱਡ ਸੰਪਤੀਆਂ ਦੀ ਪਛਾਣ ਕਰੋ। |
| **5** | **ਗੱਲਬਾਤ ਜਾਰੀ ਰੱਖੋ!** |
| | ਨੇਬਰਹੁੱਡ ਐਸੋਸੀਏਸ਼ਨ ਲਈ ਇੱਕ ਢਾਂਚਾ ਨਿਰਧਾਰਤ ਕਰੋ, ਸਮਾਂ ਸੀਮਾਵਾਂ, ਫੌਰਮੈਟ ਅਤੇ ਮੀਟਿੰਗਾਂ ਸਮੇਤ। |
| | ਭਵਿੱਖੀ ਪ੍ਰੋਜੈਕਟਾਂ ਅਤੇ ਫੈਸਲਿਆਂ ਤੇ ਵੋਟ ਪਾਉਣ ਦੀ ਆਪਣੇ ਸਮੂਹ ਦੀ ਤਰਜੀਹੀ ਵਿਧੀ ਦੀ ਪਛਾਣ ਕਰੋ। |
| | ਸੀ.ਐਸ.ਡਬਲਯੂ.ਓ., ਸਲਾਹ ਦਿੰਦਾ ਹੈ ਕਿ ਵੋਟ ਵਾਸਤੇ ਮੌਜੂਦ ਮੈਂਬਰਾਂ ਦੀ ਨਿਸ਼ਚਿਤ ਜਾਂ ਘੱਟੋ-ਘੱਟ ਸੰਖਿਆ ਨਿਰਧਾਰਤ ਕਰਨ ਅਤੇ ਸਮੂਹ ਦੀਆਂ ਸਮੁੱਚੀਆਂ ਇੱਛਾਵਾਂ ਨਿਰਧਾਰਤ ਕਰਨ ਲਈ, 50% +1 ਵੋਟਿੰਗ ਸੀਮਾ ਵਰਤਣ ਬਾਰੇ ਸੋਚੋ। ਇਸ ਵਿਧੀ ਦਾ ਉਦੇਸ਼, ਸਮੂਹਾਂ ਤੇ ਵੋਟਾਂ ਲਈ ਹਾਜ਼ਰੀ ਸਬੰਧੀ ਅਨੁਚਿਤ ਬੋਝ ਪਾਏ ਬਿਨਾਂ, ਨੇਬਰਹੁੱਡ ਦੀਆਂ ਸਰਬਸੰਮਤੀ ਵਾਲੀਆਂ ਲੋੜਾਂ ਅਤੇ ਇੱਛਾਵਾਂ ਨੂੰ ਦਰਸਾਉਣਾ ਹੈ। |
| | ਮੀਟਿੰਗ/ਗੱਲਬਾਤ ਕਿੰਨੀ ਕੁ ਵਾਰ ਕਰਨੀ ਹੈ, ਇਹ ਨਿਰਧਾਰਤ ਕਰੋ। |
| | ਮਿਲਣਾ-ਜੁਲਣਾ ਜਾਰੀ ਰੱਖੋ ਅਤੇ ਸਮੂਹ ਵਜੋਂ ਪਛਾਣੀਆਂ ਗਈਆਂ ਤਰਜੀਹਾਂ ਬਾਰੇ ਗੱਲਬਾਤ ਕਰੋ। |

# B ਮੈਂਬਰਾਂ ਨੂੰ ਸਰਗਰਮ ਅਤੇ ਜੁੜਿਆ ਹੋਇਆ ਕਿਵੇਂ ਰੱਖਿਆ ਜਾਵੇ!

ਨੇਬਰਹੁੱਡ ਐਸੋਸੀਏਸ਼ਨਾਂ, ਕਮਿਉਨਿਟੀ ਵਿੱਚ ਵੱਡਾ ਬਦਲਾਅ ਲਿਆ ਸਕਦੀਆਂ ਹਨ। ਹੇਠਾਂ ਦਿੱਤੇ ਸੁਝਾਅ ਸਮੂਹ ਨੂੰ ਪ੍ਰੇਰਿਤ ਕਰਦੇ ਰਹਿਣਗੇ ਅਤੇ ਨੇਬਹਰੁੱਡ ਐਸੋਸੀਏਸ਼ਨ ਦੀਆਂ ਗਤੀਵਿਧੀਆਂ ਵਿੱਚ ਉਹਨਾਂ ਦੀ ਨਿਯਮਿਤ ਭਾਗੀਦਾਰੀ ਕਾਇਮ ਰੱਖਣਗੇ:

| ✓ | ਸਟੈਪਸ |
|---|---|
| 1 | **ਢਾਂਚਾ ਸਥਾਪਤ ਕਰੋ** |
| | ਮੈਂਬਰਸ਼ਿਪ ਸਬੰਧੀ ਲੋੜਾਂ, ਨੇਬਰਹੁੱਡ ਸੀਮਾਵਾਂ, ਗਵਰਨੈਂਸ, ਮਿਸ਼ਨ, ਦ੍ਰਿਸ਼ਟੀਕੋਣ ਅਤੇ ਮੁੱਲਾਂ ਲਈ ਇੱਕ ਢਾਂਚਾ ਪਰਿਭਾਸ਼ਿਤ ਅਤੇ ਸਥਾਪਤ ਕਰੋ। |
| 2 | **ਸੰਚਾਰ ਦਾ(ਦੇ) ਸਾਧਨ ਸਥਾਪਤ ਕਰੋ** |
| | ਇੱਕ ਜਾਂ ਵੱਧ ਚੈਨਲਾਂ ਤੇ ਨਿਯਮਿਤ ਰੂਪ ਨਾਲ ਮੈਂਬਰਾਂ ਦੇ ਨਾਲ ਗੱਲਬਾਤ ਕਰੋ (ਜਿਵੇਂ ਨਿਊਜ਼ਲੈਟਰ ਜਾਂ ਸੋਸ਼ਲ/ਡਿਜੀਟਲ ਪਲੇਟਫਾਰਮ)। |
| 3 | **ਸਾਂਝੀਆਂ ਦਿਲਚਸਪੀਆਂ/ਮੁੱਦਿਆਂ ਤੇ ਚਰਚਾ ਕਰੋ** |
| | ਨੇਬਰਹੁੱਡ ਵਿੱਚ ਸਮੱਸਿਆ ਹੱਲ ਕਰਨ ਜਾਂ ਸਾਂਝੀਆਂ ਦਿਲਚਸਪੀਆਂ ਜਾਂ ਮੁੱਦਿਆਂ ਬਾਰੇ ਜਾਣਨ ਲਈ ਇਕੱਠੇ ਹੋਵੋ ਅਤੇ ਮਿਲ ਕੇ ਕੰਮ ਕਰੋ, ਜਿਵੇਂ ਸੁਰੱਖਿਆ, ਵਸੀਲਿਆਂ ਤੱਕ ਪਹੁੰਚ ਅਤੇ ਕਾਰਵਾਈ ਕਰਨਾ। |
| 4 | **ਨਿਯਮਿਤ ਮੀਟਿੰਗਾਂ ਰੱਖੋ** |
| | ਕੋਈ ਢੁੱਕਵੀਂ ਥਾਂ ਬੁੱਕ ਕਰੋ, ਜੋ ਸਾਰੇ ਮੈਂਬਰਾਂ ਲਈ ਸੁਵਿਧਾਜਨਕ ਅਤੇ ਪਹੁੰਚਯੋਗ ਹੋਵੇ। ਮੀਟਿੰਗ ਨਿਸ਼ਚਿਤ ਕਰਨ ਲਈ ਇੱਕ ਏਜੰਡਾ ਤਿਆਰ ਕਰੋ। ਚਰਚਾਵਾਂ ਦੀ ਅਗਵਾਈ ਕਰਨ ਦੀ ਜ਼ਿੰਮੇਵਾਰੀ ਕਿਸੇ ਮੈਂਬਰ ਨੂੰ ਦਿਓ।<br>ਜਵਾਬਦੇਹੀ ਲਈ ਮੀਟਿੰਗ ਚਰਚਾਵਾਂ ਦੇ ਨੋਟਸ, ਕਾਰਵਾਈ ਆਈਟਮਾਂ, ਫੈਸਲੇ ਅਤੇ ਨਤੀਜੇ ਸਾਂਝੇ ਕਰੋ। ਯਕੀਨੀ ਬਣਾਓ ਕਿ ਮੀਟਿੰਗ ਦੀ ਪੂਰੀ ਗੱਲਬਾਤ, ਸਾਰਿਆਂ ਲਈ ਪਾਰਦਰਸ਼ੀ ਅਤੇ ਪਹੁੰਚਯੋਗ ਹੈ। |
| 5 | **ਮੁੱਖ ਫੈਸਲਿਆਂ ਅਤੇ ਪ੍ਰੋਜੈਕਟਾਂ ਤੇ ਵੋਟ ਦਿਓ** |
| | ਉਹਨਾਂ ਮੁੱਖ ਫੈਸਲਿਆਂ ਅਤੇ ਪ੍ਰੋਜੈਕਟਾਂ, ਜਿਹਨਾਂ ਨੂੰ ਸਮੂਹ ਅੱਗੇ ਵਧਾਉਣਾ ਚਾਹੁੰਦਾ ਹੈ, ਤੇ ਵੋਟਾਂ ਪਵਾ ਕੇ ਮੈਂਬਰਾਂ ਨੂੰ ਸ਼ਾਮਲ ਕਰੋ। ਇਹ ਯਕੀਨੀ ਬਣਾਉਂਦਾ ਹੈ ਕਿ ਸਾਰੇ ਫੈਸਲਿਆਂ ਵਿੱਚ ਕਮਿਉਨਿਟੀ ਦੀ ਅਵਾਜ਼ ਸੁਣੀ ਜਾਂਦੀ ਹੈ ਅਤੇ ਨੇਬਰਹੁੱਡ ਐਸੋਸੀਏਸ਼ਨ ਦੀਆਂ ਗਤੀਵਿਧੀਆਂ ਵਿੱਚ ਮਾਲਕੀ ਦੀ ਭਾਵਨਾ ਨੂੰ ਵਧਾਉਣ ਵਿੱਚ ਮਦਦ ਕਰਦਾ ਹੈ। |
| 6 | **ਨਿਯਮਿਤ ਕਾਰਜਕਰਮ ਆਯੋਜਿਤ ਕਰੋ** |
| | ਕਾਰਜਕਰਮਾਂ ਦੀ ਯੋਜਨਾ ਬਣਾ ਕੇ ਅਤੇ ਉਹਨਾਂ ਵਿੱਚ ਸ਼ਾਮਲ ਹੋ ਕੇ ਮੈਂਬਰਾਂ ਨੂੰ ਸ਼ਾਮਲ ਕਰੋ, ਜਿਵੇਂ ਨੇਬਰਹੁੱਡ ਸਮਾਗਮ, ਨੇਬਰਹੁੱਡ ਟੂਰ ਅਤੇ ਸੈਰ ਅਤੇ ਆਪਣੇ ਗਵਾਂਢੀਆਂ ਨਾਲ ਮਿਲਣ ਅਤੇ ਘੁਲਣ-ਮਿਲਣ ਦੇ ਹੋਰ ਮਜ਼ੇਦਾਰ ਮੌਕੇ। |



COMMUNITY SAFETY & WELL-BEING

# ਭਾਗ ਪੰਜ

# ਕਾਰਵਾਈ ਕਰਨਾ



ਸਿਟੀ, ਸਾਡੇ ਨੇਬਰਹੁੱਡਸ ਨੂੰ ਬਿਹਤਰ ਬਣਾਉਣ ਦੇ ਪ੍ਰਤੀ ਕਾਰਵਾਈ ਕਰਨ ਦੇ ਨੇਬਰਹੁੱਡ ਐਸੋਸੀਏਸ਼ਨਾਂ ਦੇ ਯਤਨਾਂ ਵਿੱਚ ਉਹਨਾਂ ਦੀ ਸਹਾਇਤਾ ਕਰਦੀ ਹੈ। ਸੀ.ਐਸ.ਡਬਲਯੂ.ਓ. ਦਾ ਮੁੱਖ ਟੀਚਾ, ਪ੍ਰਕਿਰਿਆ ਲਈ ਵਸੀਲੇ, ਟੂਲਸ ਅਤੇ ਸਹਾਇਤਾ ਪ੍ਰਦਾਨ ਕਰਨਾ ਅਤੇ ਵਸਨੀਕਾਂ ਲਈ ਉਹਨਾਂ ਦੇ ਨੇਬਰਹੁੱਡਸ ਵਿੱਚ ਸ਼ਾਨਦਾਰ ਕੰਮ ਕਰਨ ਨੂੰ ਵੱਧ ਅਸਾਨ ਬਣਾਉਣਾ ਹੈ।

ਕੀ ਤੁਹਾਨੂੰ ਨੇਬਰਹੁੱਡ ਐਸੋਸੀਏਸ਼ਨ ਪ੍ਰੋਜੈਕਟ ਸ਼ੁਰੂ ਕਰਨ ਵਿੱਚ ਮਦਦ ਦੀ ਲੋੜ ਹੈ? ਇਸ ਲਾਭਕਾਰੀ ਚੈੱਕਲਿਸਟ ਦਾ ਅਨੁਸਰਨ ਕਰੋ:

| ✓ | ਕੰਮ |
|---|---|
| | ਆਪਣੀ ਨੇਬਰਹੁੱਡ ਐਸੋਸੀਏਸ਼ਨ ਦੇ ਅੰਦਰ ਇੱਕ ਪ੍ਰੋਜੈਕਟ ਬਾਰੇ ਸੋਚੋ! ਟੀਚਾ ਅਜਿਹਾ ਪ੍ਰੋਜੈਕਟ ਹੋਣਾ ਚਾਹੀਦਾ ਹੈ, ਜੋ ਸੁਰੱਖਿਆ ਅਤੇ ਭਲਾਈ ਵਿੱਚ ਵਾਧਾ ਕਰਦਾ ਹੋਵੇ। |
| | ਕਾਰਵਾਈ ਨੂੰ ਪ੍ਰੇਰਿਤ ਕਰਨ ਲਈ ਆਪਣੀ ਨੇਬਰਹੁੱਡ ਐਸੋਸੀਏਸ਼ਨ ਦੇ ਅੰਦਰ ਕੰਮ ਕਰੋ, ਪ੍ਰੋਜੈਕਟ ਨੂੰ ਅੱਗੇ ਵਧਾਉਣਾ ਜਾਰੀ ਰੱਖੋ ਅਤੇ ਉਹਨਾਂ ਦੀ ਪਛਾਣ ਕਰੋ, ਜੋ ਪ੍ਰੋਜੈਕਟ ਦੀ ਅਗਵਾਈ ਜਾਂ ਸਹਾਇਤਾ ਕਰਨਾ |
| | ਚਾਹੁੰਦੇ ਹਨ। |
| | ਪ੍ਰੋਜੈਕਟ ਦਾ ਬਜਟ ਵਿਕਸਿਤ ਕਰੋ। ਪ੍ਰੋਜੈਕਟ ਲਈ ਲਾਗਤ ਨਿਰਧਾਰਤ ਕਰੋ, ਸਮਾਨ ਜਾਂ ਉਪਕਰਨ ਲਈ ਅਨੁਮਾਨਾਂ ਸਮੇਤ। |
| | ਸੀ.ਐਸ.ਡਬਲਯੂ.ਓ. ਕੋਲ ਆਪਣੀ ਪ੍ਰੋਜੈਕਟ ਯੋਜਨਾ ਅਤੇ ਐਫਿਲਿਏਸ਼ਨ ਲਈ ਅਰਜ਼ੀ ਜਮ੍ਹਾਂ ਕਰੋ। ਇਸ ਵਿੱਚ ਸਬੰਧਿਤ ਲਾਗਤਾਂ ਸਮੇਤ, ਵਿੱਤੀ ਵੇਰਵੇ ਸ਼ਾਮਲ ਹੋਣੇ ਚਾਹੀਦੇ ਹਨ। |
| | ਇਸਨੂੰ ਸੰਭਵ ਬਣਾਓ! |
| | ਪ੍ਰੋਜੈਕਟ ਸਮਾਪਤੀ ਤੇ ਸੀ.ਐਸ.ਡਬਲਯੂ.ਓ. ਅਤੇ ਬੀ.ਸੀ.ਐਸ.ਏ.ਸੀ. ਨੂੰ ਰਿਪੋਰਟ ਕਰੋ। ਕਿਸੇ ਵੀ ਖਰੀਦੇ ਗਏ ਸਮਾਨ ਜਾਂ ਹੋਰਾਂ ਸਬੰਧਿਤ ਲਾਗਤਾਂ ਸਬੰਧੀ ਵੇਰਵੇ ਸ਼ਾਮਲ ਕਰੋ। |

# A ਸਿਟੀ ਤੋਂ ਨਰਚਰਡ ਨੇਬਰਹੁੱਡ ਗ੍ਰਾਂਟ ਪ੍ਰਾਪਤ ਕਰਨ ਦੇ ਮੌਕੇ

ਸੀ.ਐਸ.ਡਬਲਯੂ.ਓ. ਦੇ ਦੁਆਰਾ, 2024 ਦੀ ਬਜਟ ਪ੍ਰਕਿਰਿਆ ਦੇ ਦੁਆਰਾ ਵੰਡੇ ਜਾਣ ਵਾਲੇ ਫੰਡਾਂ ਦੇ ਨਾਲ, ਲੋਕਲ ਨੇਬਰਹੁੱਡ ਐਸੋਸੀਏਸ਼ਨਾਂ ਦੀ ਸਹਾਇਤਾ ਲਈ ਫੰਡਿੰਗ ਸਰੋਤ ਪ੍ਰਦਾਨ ਕੀਤਾ ਜਾਵੇਗਾ।

ਬ੍ਰੈਂਪਟਨ ਵਿੱਚ ਨੇਬਰਹੁੱਡ ਐਸੋਸੀਏਸ਼ਨਾਂ ਕੋਲ ਐਫਿਲਿਏਸ਼ਨ ਵਾਸਤੇ ਅਪਲਾਈ ਕਰਨ ਦਾ ਮੌਕਾ ਹੋਵੇਗਾ। ਪ੍ਰਵਾਨਗੀ ਮਿਲਣ ਤੇ, ਸੀ.ਐਸ.ਡਬਲਯੂ.ਓ., ਹੇਠਾਂ ਦਿੱਤਿਆਂ ਤੱਕ ਪਹੁੰਚ ਲਈ ਨਰਚਰਡ ਨੇਬਰਹੁੱਡ ਗ੍ਰਾਂਟ ਦੇ ਦੁਆਰਾ, ਨੇਬਰਹੁੱਡ ਐਸੋਸੀਏਸ਼ਨ ਦੇ ਪ੍ਰੋਜੈਕਟਾਂ/ਪਹਿਲਕਦਮੀਆਂ ਲਈ ਨੇਬਰਹੁੱਡ ਐਸੋਸੀਏਸ਼ਨ ਗਾਈਡ ਪ੍ਰੋਜੈਕਟ ਸੂਚੀ ਵਿੱਚੋਂ 1,500 ਡਾਲਰ ਤੱਕ ਦਾ ਫੰਡ ਦੇਵੇਗਾ:

- ਸਿਟੀ ਹਾਲ ਵੈਸਟ ਟਾਵਰ (ਦੂਜੀ ਅਤੇ ਤੀਜੀ ਮੰਜ਼ਲ) ਵਿਖੇ ਸਿਟੀ ਦੀ ਮਾਲਕੀ ਵਾਲੀ ਬੋਰਡਰੂਮ ਥਾਂ।
- ਪਬਲਿਕ ਥਾਂ ਦੀ ਸੁੰਦਰਤਾ, ਸਫਾਈ ਅਤੇ ਨੇਬਰਹੁੱਡ ਪ੍ਰਾਪਰਟੀਜ਼ ਦੇ ਰੱਖ-ਰਖਾਅ ਲਈ ਪਹਿਲਾਂ ਤੋਂ ਸਰਗਰਮ ਦ੍ਰਿਸ਼ਟੀਕੋਣ ਅਪਨਾਉਣ ਸਬੰਧੀ ਪ੍ਰੋਜੈਕਟ।
- ਨੇਬਰਹੁੱਡ ਵਿੱਚ ਆਪਣੇਪਣ ਦੀ ਭਾਵਨਾ ਵਧਾਉਣ ਸਬੰਧੀ ਪ੍ਰੋਜੈਕਟ, ਸਟ੍ਰੀਟ ਪਾਰਟੀਆਂ ਅਤੇ ਸਟ੍ਰੀਟ ਬਾਰਬੇਕਿਊ ਵਰਗੇ ਕਾਰਜਕਰਮਾਂ ਦੇ ਦੁਆਰਾ।

ਨਰਚਰਡ ਨੇਬਰਹੁੱਡ ਗ੍ਰਾਂਟ ਤੱਕ ਪਹੁੰਚ ਲਈ ਸੀ.ਐਸ.ਡਬਲਯੂ.ਓ. ਨਿਰਦੇਸ਼ਾਂ ਦੀ ਪਾਲਣਾ ਕਰਨਾ ਲਾਜ਼ਮੀ ਹੈ, ਜਿੱਥੇ ਬਿਨੈਕਾਰਾਂ ਤੋਂ ਉਮੀਦ ਕੀਤੀ ਜਾਂਦੀ ਹੈ:

| ✓ | ਸ਼ਰਤਾਂ |
|---|---|
| | ਆਉਟਪੁਟਸ ਅਤੇ ਉਪਾਵਾਂ ਦਾ ਸੰਖੇਪ ਵਰਣਨ ਦਿਓ। |
| | ਕਮਿਉਨਿਟੀ ਸੇਫਟੀ ਐਕਸ਼ਨ ਪਲਾਨ ਦੇ ਮੁਤਾਬਕ ਪ੍ਰੋਜੈਕਟ(ਟਾਂ), ਮੀਟਿੰਗ(ਗਾਂ), ਜਾਂ ਕਾਰਜਕਰਮ(ਮਾਂ) ਕਰੋ। |
| | ਨਤੀਜਿਆਂ ਅਤੇ ਖਰਚਿਆਂ ਬਾਰੇ ਸੀ.ਐਸ. ਡਬਲਯੂ.ਓ. ਅਤੇ ਬੀ.ਸੀ.ਐਸ.ਏ.ਸੀ. ਨੂੰ ਰਿਪੋਰਟ ਕਰੋ। |

# B ਨਰਚਰਡ ਨੇਬਰਹੁੱਡ ਗ੍ਰਾਂਟ ਦੀ ਸੰਭਾਵੀ ਵਰਤੋਂ

ਸਫਲ ਐਫਿਲਿਏਟੇਡ ਨੇਬਰਹੁੱਡ ਐਸੋਸੀਏਸ਼ਨ ਬਿਨੈਕਾਰਾਂ ਕੋਲ, ਸੀ.ਐਸ.ਡਬਲਯੂ.ਓ. ਦੇ ਦੁਆਰਾ ਉਪਲਬਧ ਨਰਚਰਡ ਨੇਬਰਹੁੱਡ ਗ੍ਰਾਂਟ ਵਰਤਣ ਦਾ ਮੌਕਾ ਹੋਵੇਗਾ, ਇਹ ਹੇਠਾਂ ਵਰਣਨ ਕੀਤੇ ਫੋਕਸ ਖੇਤਰਾਂ ਅਤੇ ਸੁਝਾਏ ਗਏ ਸਬੰਧਿਤ ਪ੍ਰੋਜੈਕਟਾਂ ਦੇ ਨਾਲ, ਕਮਿਉਨਿਟੀ ਸੇਫਟੀ ਐਕਸ਼ਨ ਪਲਾਨ ਨਾਲ ਸਬੰਧਿਤ ਕਈ ਉਦੇਸ਼ਾਂ ਲਈ ਹੋਵੇਗਾ।

- ***ਸੁਰੱਖਿਆ:*** ਸੁਰੱਖਿਆ ਅਤੇ ਲੋਕਲ ਸੁੰਦਰਤਾ ਵਿੱਚ ਸੁਧਾਰ ਕਰਨ ਲਈ ਉਪਾਵਾਂ ਦੀ ਵਿਵਸਥਾ ਕਰਕੇ ਉਹਨਾਂ ਨੂੰ ਅਮਲੀ ਰੂਪ ਦੇਣਾ। ਸੁੰਦਰ ਦਿੱਸਣ ਵਾਲਾ ਨੇਬਰਹੁੱਡ, ਨੇਬਰਹੁੱਡ ਦੀ ਸਮੁੱਚੀ ਧਾਰਣਾ ਵਿੱਚ ਅਤੇ ਨੇਬਰਹੁੱਡ ਪਹਿਲਕਦਮੀਆਂ ਵਿੱਚ ਹਿੱਸਾ ਲੈਣ ਦੀ ਵਿਅਕਤੀ ਦੀ ਦਿਲਚਸਪੀ ਵਿੱਚ ਸੁਧਾਰ ਕਰਦਾ ਹੈ।
- ***ਜਾਗਰੂਕਤਾ:*** ਨੇਬਰਹੁੱਡ ਦ੍ਰਿਸ਼ਟੀਕੋਣਾਂ ਅਤੇ ਟੀਚਿਆਂ ਬਾਰੇ ਚਰਚਾ ਕਰਨ ਲਈ ਅਤੇ ਲੋਕਾਂ ਨੂੰ ਵਸੀਲਿਆਂ ਅਤੇ ਜਾਣਕਾਰੀ ਨਾਲ ਜੋੜਨ ਲਈ, ਨੇਬਰਹੁੱਡ ਕਾਰਜਕਰਮਾਂ, ਮੀਟਿੰਗਾਂ ਅਤੇ/ਜਾਂ ਸੈਰ ਟੂਰਾਂ ਦਾ ਪ੍ਰਬੰਧ ਕਰਕੇ ਉਹਨਾਂ ਨੂੰ ਆਯੋਜਿਤ ਕਰਨਾ।
- ***ਸ਼ਕਤੀਕਰਨ:*** ਨੇਬਰਹੁੱਡ ਦੇ ਨਾਲ ਆਪਣੇਪਣ ਦੀ ਭਾਵਨਾ ਵਿਕਸਿਤ ਕਰਨਾ ਅਤੇ ਸਥਾਨਾਂ ਵਿੱਚ ਜਗ੍ਹਾ ਬਣਾਉਣ ਲਈ ਕਾਰਵਾਈ ਕਰਨਾ।

ਉਹਨਾਂ ਸੰਭਾਵੀ ਪ੍ਰੋਜੈਕਟਾਂ ਸੰਖੇਪ ਵਰਣਨ ਅੱਗੇ ਦਿੱਤਾ ਗਿਆ ਹੈ, ਜੋ ਸੁਰੱਖਿਆ, ਜਾਗਰੂਕਤਾ, ਅਤੇ ਸ਼ਕਤੀਕਰਨ ਖੇਤਰਾਂ ਵਿੱਚ ਆਉਂਦੇ ਹਨ:

| ✓ | ਪ੍ਰੋਜੈਕਟ | ਵਰਣਨ | ਥੀਮ | ਉਪਲਬਧ ਫੰਡਿੰਗ |
|---|---|---|---|---|
| | ਕੂੜਾ ਚੁੱਕਣਾ | ਪਾਰਕਾਂ, ਟ੍ਰੇਲਾਂ, ਸਕੂਲਾਂ ਅਤੇ ਹੋਰ ਪਬਲਿਕ ਥਾਵਾਂ ਤੇ ਅਤੇ ਇਹਨਾਂ ਦੇ ਆਸਪਾਸ ਕੂੜਾ ਚੁੱਕਣ ਲਈ, ਨੇਬਰਹੁੱਡ ਸਫਾਈ ਕਾਰਜਕਰਮ ਦਾ ਪ੍ਰਬੰਧ ਕਰੋ। ਸਿਟੀ ਦੇ ਪਾਰਕਾਂ ਦੇ ਸਫਾਈ ਪ੍ਰੋਗਰਾਮ (City's Parks Cleanup Program) ਬਾਰੇ ਵਧੇਰੇ ਜਾਣਕਾਰੀ, ਔਨਲਾਈਨ ਉਪਲਬਧ ਹੈ। | ਸੁੰਦਰਤਾ | $1,500 ਡਾਲਰ ਤੱਕ |
| | ਗ੍ਰਾਫਿਟੀ ਹਟਾਉਣਾ | ਨੇਬਰਹੁੱਡ ਵਿੱਚ ਉਹਨਾਂ ਖੇਤਰਾਂ ਦੀ ਪਛਾਣ ਕਰੋ, ਜਿੱਥੇ ਗ੍ਰਾਫਿਟੀ ਹਟਾਉਣ ਦੀ ਲੋੜ ਹੈ। ਗ੍ਰਾਫਿਟੀ ਹਟਾਉਣ ਵਾਲੀਆਂ ਗਤੀਵਿਧੀਆਂ/ਦੁਬਾਰਾ ਪੇਂਟਿੰਗ/ਸਫਾਈ ਵਿੱਚ ਹਿੱਸਾ ਲਵੋ। ਰੱਖ-ਰਖਾਅ ਯੋਜਨਾ ਵਿਕਸਿਤ ਕਰੋ।<br>ਇਹ ਪ੍ਰੋਜੈਕਟ ਸ਼ੁਰੂ ਕਰਨ ਤੋਂ ਪਹਿਲਾਂ, ਢੁੱਕਵੇਂ ਸਮਾਨ ਅਤੇ ਰੱਖ-ਰਖਾਅ ਨੂੰ, ਸੀ.ਐਸ.ਡਬਲਯੂ.ਓ. ਅਤੇ ਢੁੱਕਵੀਂਆਂ ਸਿਟੀ ਡਿਵੀਜਨਾਂ ਦੇ ਨਾਲ ਨਿਰਧਾਰਤ ਕਰਨਾ ਲਾਜ਼ਮੀ ਹੈ। | ਸੁੰਦਰਤਾ | $1,500 ਡਾਲਰ ਤੱਕ |
| | ਪਬਲਿਕ ਥਾਵਾਂ ਵਿੱਚ ਫੁੱਲਾਂ ਦੇ ਬੂਟੇ | ਨੇਬਰਹੁੱਡ ਵਿੱਚ ਫੁੱਲਾਂ ਦੇ ਬੂਟੇ ਲਗਾਉਣ ਅਤੇ ਬੂਟਿਆਂ ਦੇ ਰੱਖ-ਰਖਾਅ ਲਈ ਇੱਕ ਯੋਜਨਾ ਵਿਕਸਿਤ ਅਤੇ ਲਾਗੂ ਕਰਨ ਲਈ ਪਬਲਿਕ ਥਾਵਾਂ ਦੀ ਪਛਾਣ ਕਰਨਾ।<br>ਇਹ ਪ੍ਰੋਜੈਕਟ, ਸੰਭਵ ਅਧਿਐਨ ਲਈ ਸਿਟੀ ਆਫ ਬ੍ਰੈਂਪਟਨ ਦੇ ਪਾਰਕਸ ਮੈਂਟੇਨੈਂਸ ਐਂਡ ਫੋਰੈਸਟਰੀ (Parks Maintenance & Forestry) ਡਿਵੀਜਨ ਦੇ ਨਾਲ ਮਸ਼ਵਰੇ ਵਿੱਚ ਹੋਣਾ ਲਾਜ਼ਮੀ ਹੈ ਅਤੇ ਇਸਦੇ ਲਾਗੂ ਹੋਣ ਦੀ ਗਾਰੰਟੀ ਨਹੀਂ ਹੈ। | ਸੁੰਦਰਤਾ | $1,500 ਡਾਲਰ ਤੱਕ |
| | ਟ੍ਰੈਫਿਕ ਨੂੰ ਹੌਲੀ ਕਰਨ ਲਈ ਫੁੱਲਾਂ ਦੇ ਬੂਟੇ (ਲੈਂਡਸਕੇਪਡ ਸਟ੍ਰੀਟ ਮੀਡੀਅਨਸ) | ਨੇਬਰਹੁੱਡ ਵਿੱਚ ਲੋਕਲ ਰੋਡਵੇਜ ਦੀ ਪਛਾਣ ਕਰੋ, ਤਾਂ ਜੋ ਪੈਦਲ ਚੱਲਣ ਵਾਲਿਆਂ, ਸਾਈਕਲ ਚਲਾਉਣ ਵਾਲਿਆਂ ਅਤੇ ਮੋਟਰ ਵਾਹਨ ਚਲਾਉਣ ਵਾਲਿਆਂ ਲਈ ਟ੍ਰੈਫਿਕ ਸੁਰੱਖਿਆ ਵਿੱਚ ਸੁਧਾਰ ਕਰਨ ਲਈ ਫਿਜੀਕਲ ਡਿਜ਼ਾਈਨ ਤੱਤ ਵਜੋਂ ਫੁੱਲਾਂ ਦੇ ਬੂਟੇ ਜਾਂ ਲੈਂਡਸਕੇਪਡ ਸਟ੍ਰੀਟ ਮੀਡੀਅਨਸ ਲਾਗੂ ਕੀਤੇ ਜਾ ਸਕਣ।<br>ਇਹ ਪ੍ਰੋਜੈਕਟ, ਸੰਭਵ ਅਧਿਐਨ ਲਈ ਸਿਟੀ ਆਫ ਬ੍ਰੈਂਪਟਨ ਦੇ ਵਰਕਸ ਐਂਡ ਇੰਜੀਨੀਅਰਿੰਗ ਡਿਪਾਰਟਮੈਂਟ (Works & Engineering Department) ਅਤੇ ਪਾਰਕਸ ਮੈਂਟੇਨੈਂਸ ਐਂਡ ਫੋਰੈਸਟਰੀ ਡਿਵੀਜਨ ਦੇ ਨਾਲ ਮਸ਼ਵਰੇ ਵਿੱਚ ਹੋਣਾ ਲਾਜ਼ਮੀ ਹੈ ਅਤੇ ਇਸਦੇ ਲਾਗੂ ਹੋਣ ਦੀ ਗਾਰੰਟੀ ਨਹੀਂ ਹੈ। | ਸੁਰੱਖਿਆ | $1,500 ਡਾਲਰ ਤੱਕ |





| ✓ | ਪ੍ਰੋਜੈਕਟ | ਵਰਣਨ | ਥੀਮ | ਉਪਲਬਧ ਫੰਡਿੰਗ |
|---|---|---|---|---|
| | ਪਬਲਿਕ ਬੈਂਚ ਡੈਡੀਕੇਸ਼ਨ | ਨੇਬਰਹੁੱਡ ਵਿੱਚ ਉਹਨਾਂ ਖੇਤਰਾਂ ਦੀ ਪਛਾਣ ਕਰੋ, ਜਿੱਥੇ ਪਬਲਿਕ ਬੈਂਚਾਂ ਤੋਂ ਫਾਇਦਾ ਮਿਲ ਸਕਦਾ ਹੈ। ਬੈਂਚ ਡੈਡੀਕੇਸ਼ਨਸ (bench Dedications) ਬਾਰੇ ਵਧੇਰੇ ਜਾਣਕਾਰੀ, ਔਨਲਾਈਨ ਉਪਲਬਧ ਹੈ। | ਪਲੇਸਮੇਕਿੰਗ | $1,500 ਡਾਲਰ ਤੱਕ |
| | ਪੇਂਟ ਕੀਤੇ ਰਹਿੰਦ-ਖੂੰਹਦ ਦੇ ਭੰਡਾਰ | ਵਰਤੋਂ ਨੂੰ ਉਤਸ਼ਾਹਿਤ ਕਰਨ ਅਤੇ ਕੂੜੇ ਨੂੰ ਰੋਕਣ ਲਈ, ਬੇਕਾਰ ਡੱਬੇ ਪੇਂਟ ਕਰਨ ਲਈ ਨੇਬਰਹੁੱਡ-ਸੰਚਾਲਿਤ ਪ੍ਰੋਜੈਕਟ ਲਈ ਲੋਕਲ ਕਲਾਕਾਰਾਂ ਨਾਲ ਭਾਈਵਾਲੀ ਕਰੋ।<br>ਇਹ ਪ੍ਰੋਜੈਕਟ ਸ਼ੁਰੂ ਕਰਨ ਤੋਂ ਪਹਿਲਾਂ, ਢੁੱਕਵੇਂ ਸਮਾਨ ਅਤੇ ਰੱਖ-ਰਖਾਅ ਨੂੰ, ਸੀ.ਐਸ.ਡਬਲਯੂ.ਓ. ਅਤੇ ਢੁੱਕਵੀਂਆਂ ਸਿਟੀ ਡਿਵੀਜਨਾਂ ਦੇ ਨਾਲ ਨਿਰਧਾਰਤ ਕਰਨਾ ਲਾਜ਼ਮੀ ਹੈ ਅਤੇ ਇਸਦੇ ਲਾਗੂ ਹੋਣ ਦੀ ਗਾਰੰਟੀ ਨਹੀਂ ਹੈ। | ਸੁੰਦਰਤਾ | $1,500 ਡਾਲਰ ਤੱਕ |
| | ਸੂਚਨਾ ਬੋਰਡ | ਸੂਚਨਾ ਦੀ ਅਦਲਾ-ਬਦਲੀ ਅਤੇ ਕੂੜੇ ਤੋਂ ਬਚਣ ਲਈ ਨੇਬਰਹੁੱਡ ਸੂਚਨਾ/ਵਸੀਲਾ ਬੋਰਡ ਅਤੇ ਰੱਖ-ਰਖਾਅ ਯੋਜਨਾ ਵਾਸਤੇ ਖੇਤਰਾਂ ਦੀ ਪਛਾਣ ਕਰੋ। | ਪਲੇਸਮੇਕਿੰਗ | $1,500 ਡਾਲਰ ਤੱਕ |
| | ਪੌਪ-ਅਪ ਲਾਇਬ੍ਰੇਰੀਆਂ | ਨੇਬਰਹੁੱਡ ਪੌਪ-ਅਪ ਲਾਇਬ੍ਰੇਰੀ ਵਾਸਤੇ ਅਤੇ ਵਸੀਲੇ ਜੁਟਾਉਣ ਲਈ ਖੇਤਰਾਂ ਦੀ ਪਛਾਣ ਕਰੋ।<br>ਇਹ ਪ੍ਰੋਜੈਕਟ ਸ਼ੁਰੂ ਕਰਨ ਤੋਂ ਪਹਿਲਾਂ, ਢੁੱਕਵੇਂ ਸਮਾਨ ਅਤੇ ਰੱਖ-ਰਖਾਅ ਨੂੰ, ਸੀ.ਐਸ.ਡਬਲਯੂ.ਓ. ਅਤੇ ਢੁੱਕਵੀਂਆਂ ਸਿਟੀ ਡਿਵੀਜਨਾਂ ਦੇ ਨਾਲ ਨਿਰਧਾਰਤ ਕਰਨਾ ਲਾਜ਼ਮੀ ਹੈ। | ਪਲੇਸਮੇਕਿੰਗ | $1,500 ਡਾਲਰ ਤੱਕ |
| | ਪੌਪ-ਅਪ ਮਾਰਕੀਟਾਂ | ਨੇਬਰਹੁੱਡ ਪੌਪ-ਅਪ ਮਾਰਕੀਟ ਵਾਸਤੇ ਅਤੇ ਵਸੀਲੇ ਜੁਟਾਉਣ ਲਈ ਖੇਤਰਾਂ ਦੀ ਪਛਾਣ ਕਰੋ।<br>ਇਹ ਪ੍ਰੋਜੈਕਟ ਸ਼ੁਰੂ ਕਰਨ ਤੋਂ ਪਹਿਲਾਂ, ਢੁੱਕਵੇਂ ਸਮਾਨ ਅਤੇ ਰੱਖ-ਰਖਾਅ ਨੂੰ, ਸੀ.ਐਸ.ਡਬਲਯੂ.ਓ. ਅਤੇ ਢੁੱਕਵੀਂਆਂ ਸਿਟੀ ਡਿਵੀਜਨਾਂ ਦੇ ਨਾਲ ਨਿਰਧਾਰਤ ਕਰਨਾ ਲਾਜ਼ਮੀ ਹੈ। | ਪਲੇਸਮੇਕਿੰਗ | $1,500 ਡਾਲਰ ਤੱਕ |

| ✓ | ਪ੍ਰੋਜੈਕਟ | ਵਰਣਨ | ਥੀਮ | ਉਪਲਬਧ ਫੰਡਿੰਗ |
|---|---|---|---|---|
| | ਇੱਕ ਪਾਰਕ ਅਡੌਪਟ ਕਰਨਾ | ਵਾਲੰਟੀਅਰ, ਸਿਟੀ ਪਾਰਕ ਦੇ ਰੱਖ-ਰਖਾਅ, ਸੁੰਦਰਤਾ, ਖੁੱਲੀ ਥਾਂ ਵਧਾਉਣ ਲਈ ਅਤੇ ਇਸਨੂੰ ਸਾਰਿਆਂ ਵਾਸਤੇ ਸੁਰੱਖਿਅਤ ਰੱਖਣ ਲਈ ਪਾਰਕ ਦੀ ਖਾਸ ਦੇਖਭਾਲ ਕਰਨ ਲਈ ਸਮਾਂ ਅਤੇ ਵਸੀਲੇ ਡੋਨੇਟ ਕਰ ਸਕਦੇ ਹਨ। ਪਾਰਕ ਨੂੰ ਅਡੌਪਟ ਕਰਕੇ, ਵਾਲੰਟੀਅਰਾਂ ਦਾ ਇੱਕ ਸਮੂਹ, ਦੋ-ਸਾਲਾ ਅਡੌਪਸ਼ਨ ਪੀਰੀਅਡ ਤੱਕ ਛੇ (6) ਸਟੀਵਾਰਡਸ਼ਿਪ ਗਤੀਵਿਧੀਆਂ ਜਾਂ ਕਾਰਜਕ੍ਰਮ ਕਰਨ ਦਾ ਸੰਕਲਪ ਲੈਂਦਾ ਹੈ। ਵਧੇਰੇ ਜਾਣਕਾਰੀ, ਔਨਲਾਈਨ (online) ਉਪਲਬਧ ਹੈ। | ਆਪਣੇਪਣ ਦੀ ਭਾਵਨਾ | **$1,500** ਡਾਲਰ ਤੱਕ |
| | ਨੇਬਰਹੁੱਡ ਦੇ ਪ੍ਰਵੇਸ਼-ਦੁਆਰ ਵਿੱਚ ਫੁੱਲਾਂ ਦੀਆਂ ਕਿਆਰੀਆਂ | ਨੇਬਰਹੁੱਡ ਦੇ ਪ੍ਰਵੇਸ਼-ਦੁਆਰ ਵਿੱਚ ਫੁੱਲਾਂ ਦੀਆਂ ਕਿਆਰੀਆਂ ਦੇ ਡਿਜ਼ਾਈਨ ਅਤੇ ਬੂਟੇ ਲਾਉਣ ਵਿੱਚ ਸਹਾਇਤਾ ਕਰਨਾ ਜਾਂ ਇਸਦੀ ਅਗਵਾਈ ਕਰਨਾ।<br>ਇਸ ਪ੍ਰੋਜੈਕਟ ਦਾ ਮੁਲਾਂਕਣ ਅਤੇ ਇਸਤੇ ਕੰਮ, ਸਿਟੀ ਦੇ ਪਾਰਕਸ ਮੈਂਟੇਨੈਂਸ ਐਂਡ ਫੋਰੈਸਟਰੀ ਡਿਵੀਜਨ ਵੱਲੋਂ, 311 ਸੇਵਾ ਬੇਨਤੀ ਜਮ੍ਹਾਂ ਕਰਨ ਤੋਂ ਬਾਅਦ ਕੀਤਾ ਜਾਵੇਗਾ। | ਸੁੰਦਰਤਾ | **$1,500** ਡਾਲਰ ਤੱਕ |
| | ਰਸਤਾ ਲੱਭਣ ਦੇ ਸਾਈਨ ਬੋਰਡ | ਨੇਬਰਹੁੱਡ ਵਿੱਚ ਉਹਨਾਂ ਖੇਤਰਾਂ ਦੀ ਪਛਾਣ ਕਰੋ, ਜਿਹਨਾਂ ਵਿੱਚ ਰਸਤਾ ਲੱਭਣ ਦੇ ਨਵੇਂ ਜਾਂ ਵਾਧੂ ਸਾਈਨ ਬੋਰਡ ਲਗਾਉਣ ਦੀ ਲੋੜ ਹੈ।<br>ਇਹ ਪ੍ਰੋਜੈਕਟ, ਸੰਭਵ ਅਧਿਐਨ ਲਈ ਸਿਟੀ ਦੇ ਢੁੱਕਵੇਂ ਵਿਭਾਗਾਂ ਦੇ ਨਾਲ ਮਸ਼ਵਰੇ ਵਿੱਚ ਹੋਣਾ ਲਾਜ਼ਮੀ ਹੈ ਅਤੇ ਇਸਦੇ ਲਾਗੂ ਹੋਣ ਦੀ ਗਾਰੰਟੀ ਨਹੀਂ ਹੈ। | ਪਲੇਸਮੇਕਿੰਗ | **$1,500** ਡਾਲਰ ਤੱਕ |



| ✓ | ਪ੍ਰੋਜੈਕਟ | ਵਰਣਨ | ਥੀਮ | ਉਪਲਬਧ ਫੰਡਿੰਗ |
|---|---|---|---|---|
| | ਪੇਂਟ ਕੀਤੀਆਂ ਟ੍ਰੇਲਾਂ | ਨੇਬਰਹੁੱਡ ਦੇ ਅੰਦਰ ਸੁੰਦਰਤਾ ਲਈ ਅਤੇ ਆਪਣੇਪਣ ਦੀ ਭਾਵਨਾ ਵਧਾਉਣ ਲਈ, ਨੇਬਰਹੁੱਡ ਟ੍ਰੇਲ(ਲਾਂ) ਪੇਂਟ ਕਰਨ ਵਾਸਤੇ ਨੇਬਰਹੁੱਡ-ਸੰਚਾਲਿਤ ਪ੍ਰੋਜੈਕਟ ਲਈ ਲੋਕਲ ਕਲਾਕਾਰਾਂ ਨਾਲ ਭਾਈਵਾਲੀ ਕਰੋ।<br>ਇਹ ਪ੍ਰੋਜੈਕਟ ਸ਼ੁਰੂ ਕਰਨ ਤੋਂ ਪਹਿਲਾਂ, ਢੁੱਕਵੇਂ ਸਮਾਨ ਅਤੇ ਰੱਖ-ਰਖਾਅ ਨੂੰ, ਸੀ.ਐਸ.ਡਬਲਯੂ.ਓ. ਅਤੇ ਢੁੱਕਵੀਂਆਂ ਸਿਟੀ ਡਿਵੀਜਨਾਂ ਦੇ ਨਾਲ ਨਿਰਧਾਰਤ ਕਰਨਾ ਲਾਜ਼ਮੀ ਹੈ ਅਤੇ ਇਸਦੇ ਲਾਗੂ ਹੋਣ ਦੀ ਗਾਰੰਟੀ ਨਹੀਂ ਹੈ। | ਪਲੇਸਮੇਕਿੰਗ | $1,500 ਡਾਲਰ ਤੱਕ |
| | ਮਲਟੀਪਰਪਜ ਕੋਰਟ ਆਰਟਵਰਕ | ਮਲਟੀ-ਪਰਪਜ ਕੋਰਟਾਂ ਦੀ ਨੇਬਰਹੁੱਡ-ਸੰਚਾਲਿਤ ਸੁੰਦਰਤਾ ਲਈ ਲੋਕਲ ਕਲਾਕਾਰਾਂ ਨਾਲ ਭਾਈਵਾਲੀ ਕਰੋ।<br>ਇਹ ਪ੍ਰੋਜੈਕਟ ਸ਼ੁਰੂ ਕਰਨ ਤੋਂ ਪਹਿਲਾਂ, ਢੁੱਕਵੇਂ ਸਮਾਨ ਅਤੇ ਰੱਖ-ਰਖਾਅ ਨੂੰ, ਸੀ.ਐਸ.ਡਬਲਯੂ.ਓ. ਅਤੇ ਢੁੱਕਵੀਂਆਂ ਸਿਟੀ ਡਿਵੀਜਨਾਂ ਦੇ ਨਾਲ ਨਿਰਧਾਰਤ ਕਰਨਾ ਲਾਜ਼ਮੀ ਹੈ। ਇਸਦੇ ਲਾਗੂ ਹੋਣ ਦੀ ਗਾਰੰਟੀ ਨਹੀਂ ਹੈ। | ਸੁੰਦਰਤਾ | $1,500 ਡਾਲਰ ਤੱਕ |
| | ਸਟ੍ਰੀਟ ਪਾਰਟੀਆਂ | ਆਪਣੀ ਨੇਬਰਹੁੱਡ ਐਸੋਸੀਏਸ਼ਨ ਦੇ ਨਾਲ ਇੱਕ ਸਟ੍ਰੀਟ ਪਾਰਟੀ ਦੀ ਯੋਜਨਾ ਬਣਾ ਕੇ ਇਸਨੂੰ ਆਯੋਜਿਤ ਕਰੋ। ਇਸ ਵਿੱਚ, ਨੇਬਰਹੁੱਡ ਦੇ ਅੰਦਰ ਆਪਣੇਪਣ ਦੀ ਭਾਵਨਾ ਨੂੰ ਵਧਾਉਣ ਲਈ ਖਾਸ ਗਤੀਵਿਧੀਆਂ ਅਤੇ 'ਤੁਹਾਨੂੰ ਜਾਣਨਾ' ਵਰਗੀਆਂ ਗੇਮਸ ਸ਼ਾਮਲ ਕਰੋ।<br>ਇਹ ਪ੍ਰੋਜੈਕਟ, ਢੁੱਕਵੇਂ ਪਰਮਿਟ ਲੈਣ ਲਈ ਸਿਟੀ ਦੇ ਢੁੱਕਵੇਂ ਵਿਭਾਗਾਂ ਦੇ ਨਾਲ ਮਸ਼ਵਰੇ ਵਿੱਚ ਹੋਣਾ ਲਾਜ਼ਮੀ ਹੈ। | ਆਪਣੇਪਣ ਦੀ ਭਾਵਨਾ | $1,500 ਡਾਲਰ ਤੱਕ |
| | ਸਟ੍ਰੀਟ ਬਾਰਬੇਕਿਊਜ | ਆਪਣੀ ਨੇਬਰਹੁੱਡ ਐਸੋਸੀਏਸ਼ਨ ਦੇ ਨਾਲ ਇੱਕ ਸਟ੍ਰੀਟ ਬਾਰਬੇਕਿਊ ਦੀ ਯੋਜਨਾ ਬਣਾ ਕੇ ਇਸਨੂੰ ਆਯੋਜਿਤ ਕਰੋ। ਇਸ ਵਿੱਚ, ਨੇਬਰਹੁੱਡ ਦੇ ਅੰਦਰ ਆਪਣੇਪਣ ਦੀ ਭਾਵਨਾ ਨੂੰ ਵਧਾਉਣ ਲਈ ਖਾਸ ਗਤੀਵਿਧੀਆਂ ਅਤੇ 'ਤੁਹਾਨੂੰ ਜਾਣਨਾ' ਵਰਗੀਆਂ ਗੇਮਸ ਸ਼ਾਮਲ ਕਰੋ।<br>ਇਹ ਪ੍ਰੋਜੈਕਟ, ਢੁੱਕਵੇਂ ਪਰਮਿਟ ਲੈਣ ਲਈ ਸਿਟੀ ਦੇ ਢੁੱਕਵੇਂ ਵਿਭਾਗਾਂ ਦੇ ਨਾਲ ਮਸ਼ਵਰੇ ਵਿੱਚ ਹੋਣਾ ਲਾਜ਼ਮੀ ਹੈ। | ਆਪਣੇਪਣ ਦੀ ਭਾਵਨਾ | $1,500 ਡਾਲਰ ਤੱਕ |





| ✓ | ਪ੍ਰੋਜੈਕਟ | ਵਰਣਨ | ਥੀਮ | ਉਪਲਬਧ ਫੰਡਿੰਗ |
|---|---|---|---|---|
| | ਨੌਜਵਾਨਾਂ ਦੀ ਸ਼ਮੂਲੀਅਤ | ਕਮਿਉਨਿਟੀ ਵਿੱਚ ਨੌਜਵਾਨਾਂ ਨੂੰ ਸ਼ਾਮਲ ਕਰਨ ਲਈ ਤਿਆਰ ਕੀਤੇ ਕਮਿਉਨਿਟੀ ਇਕੱਠ ਦੀ ਯੋਜਨਾ ਬਣਾ ਕੇ ਇਸਨੂੰ ਆਯੋਜਿਤ ਕਰੋ, ਜਿਵੇਂ ਪਾਰਕ ਵਿੱਚ ਮੂਵੀ ਜਾਂ ਗੇਮਸ ਨਾਈਟ। ਇਹ ਪ੍ਰੋਜੈਕਟ, ਢੁੱਕਵੇਂ ਪਰਮਿਟ ਲੈਣ ਲਈ ਸਿਟੀ ਦੇ ਢੁੱਕਵੇਂ ਵਿਭਾਗਾਂ ਦੇ ਨਾਲ ਮਸ਼ਵਰੇ ਵਿੱਚ ਹੋਣਾ ਲਾਜ਼ਮੀ ਹੈ। | ਆਪਣੇਪਣ ਦੀ ਭਾਵਨਾ | $1,500 ਡਾਲਰ ਤੱਕ |
| | ਥਾਂ ਤੱਕ ਪਹੁੰਚ | ਮਿਉਨਿਸਿਪਲ ਥਾਂ ਤੱਕ ਪਹੁੰਚ, ਜਿਵੇਂ ਨੇਬਰਹੁੱਡ ਐਸੋਸੀਏਸ਼ਨ ਦੇ ਕਾਰਜਕਰਮਾਂ, ਐਗਜ਼ੀਕਿਊਟਿਵ ਮੀਟਿੰਗਾਂ ਜਾਂ ਮੈਂਬਰਸ਼ਿਪ ਮੀਟਿੰਗਾਂ ਲਈ ਰੇਕ੍ਰੀਏਸ਼ਨ ਸੈਂਟਰਾਂ ਜਾਂ ਪਾਰਕਾਂ ਵਿਖੇ ਕਮਿਉਨਿਟੀ ਰੂਮਸ। | ਜੁੜਾਵ | $1,500 ਡਾਲਰ ਤੱਕ |
| | ਕੁੱਤਿਆਂ ਅਤੇ/ ਜਾਂ ਪਾਲਤੂ ਜਾਨਵਰਾਂ ਸਬੰਧੀ ਕਮਿਉਨਿਟੀ ਪਾਰਟੀਆਂ | ਕੁੱਤਿਆਂ ਅਤੇ/ਜਾਂ ਪਾਲਤੂ ਜਾਨਵਰਾਂ ਦੇ ਮਾਲਕਾਂ ਨੂੰ ਜੋੜਨ ਲਈ ਤਿਆਰ ਕੀਤੇ ਕਮਿਉਨਿਟੀ ਇਕੱਠ ਦੀ ਯੋਜਨਾ ਬਣਾ ਕੇ ਇਸਨੂੰ ਆਯੋਜਿਤ ਕਰੋ, ਜਿਵੇਂ ਡੌਗਵਾਕ ਜਾਂ ਪਾਲਤੂ ਜਾਨਵਰਾਂ ਦਾ ਸ਼ੋਅ। ਇਹ ਪ੍ਰੋਜੈਕਟ, ਢੁੱਕਵੇਂ ਪਰਮਿਟ ਲੈਣ ਲਈ ਸਿਟੀ ਦੇ ਢੁੱਕਵੇਂ ਵਿਭਾਗਾਂ ਦੇ ਨਾਲ ਮਸ਼ਵਰੇ ਵਿੱਚ ਹੋਣਾ ਲਾਜ਼ਮੀ ਹੈ। | ਆਪਣੇਪਣ ਦੀ ਭਾਵਨਾ | $1,500 ਡਾਲਰ ਤੱਕ |
| | ਕਮਿਉਨਿਟੀ ਫਿਟਨੈਸ ਸਬੰਧੀ ਕਾਰਜਕਰਮ | ਗਵਾਂਢੀਆਂ ਨੂੰ ਜੋੜਨ ਲਈ ਅਤੇ ਸਰੀਰਕ ਗਤੀਵਿਧੀ ਵਾਸਤੇ ਉਤਸ਼ਾਹਿਤ ਕਰਨ ਲਈ ਕਮਿਉਨਿਟੀ ਫਿਟਨੈਸ ਸਬੰਧੀ ਕਾਰਜਕਰਮਾਂ ਦੀ ਯੋਜਨਾ ਬਣਾ ਕੇ ਇਸਨੂੰ ਆਯੋਜਿਤ ਕਰੋ, ਜਿਵੇਂ ਪਾਰਕ ਵਿੱਚ ਯੋਗਾ। ਇਹ ਪ੍ਰੋਜੈਕਟ, ਢੁੱਕਵੇਂ ਪਰਮਿਟ ਲੈਣ ਲਈ ਸਿਟੀ ਦੇ ਢੁੱਕਵੇਂ ਵਿਭਾਗਾਂ ਦੇ ਨਾਲ ਮਸ਼ਵਰੇ ਵਿੱਚ ਹੋਣਾ ਲਾਜ਼ਮੀ ਹੈ। | ਆਪਣੇਪਣ ਦੀ ਭਾਵਨਾ | $1,500 ਡਾਲਰ ਤੱਕ |
| | ਸਿਖਲਾਈ ਕਾਰਜਕਰਮ | ਲੋਕਲ ਮੁੱਦਿਆਂ ਅਤੇ ਮੌਕਿਆਂ ਬਾਰੇ ਕਮਿਉਨਿਟੀ ਦੇ ਗਿਆਨ ਨੂੰ ਵਧਾਉਣ ਲਈ, ਲੋਕਲ ਮਾਹਰਾਂ ਅਤੇ ਲਾਈਵਡ/ਲਿਵਿੰਗ ਅਨੁਭਵ ਵਾਲੇ ਲੋਕਲ ਵਿਅਕਤੀਆਂ ਨੂੰ ਸ਼ਾਮਲ ਕਰਦੇ ਹੋਏ, ਕਮਿਉਨਿਟੀ ਦੀ ਸਿਖਲਾਈ ਨਾਈਟ ਦੀ ਯੋਜਨਾ ਬਣਾ ਕੇ ਇਸਨੂੰ ਆਯੋਜਿਤ ਕਰੋ। ਥੋੜ੍ਹੀ ਫੰਡਿੰਗ ਦੀ ਵਰਤੋਂ, ਸਪੀਕਰਾਂ ਲਈ ਮਾਣ ਭੱਤਾ ਪ੍ਰਦਾਨ ਕਰਨ ਵਾਸਤੇ ਕੀਤੀ ਜਾਣੀ ਚਾਹੀਦੀ ਹੈ। | ਜੁੜਾਵ | $1,500 ਡਾਲਰ ਤੱਕ |

**ਧਿਆਨ ਦਿਓ:** ਉੱਪਰ ਦਿੱਤੀ ਸਾਰਣੀ ਵਿੱਚ ਸੂਚੀਬੱਧ ਸਾਰੇ ਸੰਭਾਵੀ ਪ੍ਰੋਜੈਕਟਾਂ ਦੀਆਂ ਵੱਖ-ਵੱਖ ਸਮਾਂ ਸੀਮਾਵਾਂ ਹਨ। ਸਹੀ ਪ੍ਰੋਜੈਕਟ ਸਮਾਂ ਸੀਮਾਵਾਂ ਲਈ, ਸੀ.ਐਸ.ਡਬਲਯੂ.ਓ. ਨਾਲ ਜੁੜੋ।

## C ਪ੍ਰਤੀ ਸਾਲ ਪ੍ਰੋਜੈਕਟਾਂ ਦੀ ਸੰਖਿਆ

ਐਫਿਲਿਏਟੇਡ ਨੇਬਰਹੁੱਡ ਐਸੋਸੀਏਸ਼ਨਾਂ ਨੂੰ, ਕੁੱਲ 1,500 ਡਾਲਰ ਤੱਕ ਦੇ ਪ੍ਰੋਜੈਕਟਾਂ/ਪਹਿਲਕਦਮੀਆਂ ਤੱਕ ਲਈ, ਉਹਨਾਂ ਦੀ ਨੇਬਰਹੁੱਡ ਐਸੋਸੀਏਸ਼ਨ ਦੀਆਂ ਖਾਸ ਭੂਗੋਲਿਕ ਸੀਮਾਵਾਂ ਵਿੱਚ ਪ੍ਰੋਜਕਟਾਂ ਵਾਸਤੇ, ਨਰਚਰਡ ਨੇਬਰਹੁੱਡ ਗ੍ਰਾਂਟ ਤੱਕ ਪਹੁੰਚ ਲਈ ਅਪਲਾਈ ਕਰਨ ਦੀ ਇਜਾਜ਼ਤ ਹੈ।

ਜੇਕਰ ਐਫਿਲਿਏਟੇਡ ਨੇਬਰਹੁੱਡ ਐਸੋਸੀਏਸ਼ਨ ਦੀਆਂ ਭੂਗੋਲਿਕ ਸੀਮਾਵਾਂ ਲਈ ਵਾਧੂ ਪ੍ਰੋਜੈਕਟਾਂ ਦੀ ਇੱਛਾ ਹੈ, ਤਾਂ ਸਮੂਹ ਪ੍ਰਤੀ ਸਾਲ ਚੱਲਣ ਵਾਲੇ ਮਲਟੀਪਲ ਪ੍ਰੋਜੈਕਟਾਂ/ਪਹਿਲਕਦਮੀਆਂ ਲਈ ਵਾਧੂ ਵਿਕਲਪਾਂ ਵਾਸਤੇ ਸੀ.ਐਸ.ਡਬਲਯੂ.ਓ. ਨਾਲ ਜੁੜ ਸਕਦਾ ਹੈ।

ਇੱਕ ਭੂਗੋਲਿਕ ਸੀਮਾ ਲਈ ਕਈ ਨੇਬਰਹੁੱਡ ਐਸੋਸੀਏਸ਼ਨਾਂ ਨੂੰ, ਇੱਕੋ ਵੇਲੇ ਫੰਡਿੰਗ ਵਾਸਤੇ ਅਪਲਾਈ ਕਰਨ ਦੀ ਇਜਾਜ਼ਤ ਨਹੀਂ ਹੈ। ਸੀ.ਐਸ. ਡਬਲਯੂ.ਓ., ਸਮੂਹਿਕ ਫੈਸਲਾ ਲੈਣ ਲਈ, ਪ੍ਰਾਪਤੀ ਤੇ ਸਾਰੀਆਂ ਅਰਜ਼ੀਆਂ ਅਤੇ ਸੀਮਾਵਾਂ ਦੀ ਸਮੀਖਿਆ ਕਰੇਗਾ।

ਸੀ.ਐਸ.ਡਬਲਯੂ.ਓ., ਮੌਜੂਦਾ ਨੇਬਰਹੁੱਡ ਐਸੋਸੀਏਸ਼ਨਾਂ ਅਤੇ ਉਹਨਾਂ ਦੀਆਂ ਸੀਮਾਵਾਂ ਬਾਰੇ ਜਾਣਕਾਰੀ ਪ੍ਰਦਾਨ ਕਰਕੇ ਅਤੇ ਕਿਸੇ ਖਾਸ ਖੇਤਰ ਵਿੱਚ ਆਪਸੀ ਦਾਅਵੇ ਦੇ ਕਿਸੇ ਵੀ ਮਾਮਲਿਆਂ ਨੂੰ ਹੱਲ ਕਰਨ ਵਿੱਚ ਮਦਦ ਕਰਕੇ ਸਹਾਇਤਾ ਕਰ ਸਕਦਾ ਹੈ।

## D ਸਫਲ ਪ੍ਰੋਜੈਕਟ

ਸਫਲ ਬਿਨੈਕਾਰਾਂ ਲਈ ਜ਼ਰੂਰੀ ਹੋਵੇਗਾ ਕਿ ਉਹ ਇਹ ਯਕੀਨੀ ਬਣਾਉਣ ਦੇ ਮਕੈਨਿਜਮ ਵਜੋਂ ਕਿ ਫੰਡ ਨੇਬਰਹੁੱਡ ਦੀ ਸੁੰਦਰਤਾ ਅਤੇ ਸੁਰੱਖਿਆ ਲਈ ਵਰਤੇ ਜਾਂਦੇ ਹਨ, ਆਪਣੇ ਪ੍ਰੋਜੈਕਟਾਂ ਬਾਰੇ ਸੀ.ਐਸ.ਡਬਲਯੂ.ਓ.

ਅਤੇ ਬੀ.ਸੀ.ਐਸ.ਏ.ਸੀ. ਨੂੰ ਰਿਪੋਰਟ ਕਰਨ ਅਤੇ ਉਹਨਾਂ ਨੂੰ ਕਮਿਉਨਿਟੀ ਦੇ ਨਾਲ ਆਪਣੇ ਪ੍ਰੋਜੈਕਟ ਸਾਂਝੇ ਕਰਨ ਵਾਸਤੇ, ਸੀ.ਐਸ.ਡਬਲਯੂ.ਓ. ਕੁਆਡਰੈਂਟ ਕਨੈਕਸ਼ਨ ਮੀਟਿੰਗਾਂ (CSWO Quadrant Connection Meetings) ਅਤੇ ਵਰਕਸ਼ਾਪਾਂ ਵਿੱਚ ਹਿੱਸਾ ਲੈਣ ਲਈ ਸੱਦਾ ਦਿੱਤਾ ਜਾਵੇਗਾ।

ਸੀ.ਐਸ.ਡਬਲਯੂ.ਓ., ਨੇਬਰਹੁੱਡ ਐਸੋਸੀਏਸ਼ਨ ਦੇ ਸੁੰਦਰਤਾ ਤੇ ਸਮੂਹਿਕ ਉਪਾਵਾਂ ਅਤੇ ਵਧਾਏ ਗਏ ਸੁਰੱਖਿਆ ਪ੍ਰੋਜੈਕਟਾਂ ਦੇ ਨਤੀਜੇ ਵਜੋਂ, ਨੇਬਰਹੁੱਡਸ ਵਿੱਚ ਸੁਰੱਖਿਆ ਅਤੇ ਭਲਾਈ ਤੇ ਪ੍ਰਭਾਵਾਂ ਦਾ ਮੁਲਾਂਕਣ ਕਰੇਗਾ ਅਤੇ ਨਰਚਰਡ ਨੇਬਰਹੁੱਡ ਗ੍ਰਾਂਟ ਦੀ ਸਫਲਤਾ ਨਿਰਧਾਰਤ ਕਰਨ ਲਈ, ਉਪਾਅ ਵਜੋਂ ਆਊਟਪੁਟਸ ਅਤੇ ਨਤੀਜਿਆਂ ਨੂੰ ਟ੍ਰੈਕ ਕਰੇਗਾ। ਸੀ.ਐਸ.ਡਬਲਯੂ.ਓ., ਇਸ ਪ੍ਰਕਿਰਿਆ ਦੇ ਹਿੱਸੇ ਵਜੋਂ ਨੇਬਰਹੁੱਡ ਐਸੋਸੀਏਸ਼ਨ ਦੇ ਨਾਲ ਫਾੱਲੋ-ਅਪ ਕਰ ਸਕਦਾ ਹੈ।

*"ਨੇਬਰਹੁੱਡ-ਅਧਾਰਤ ਫੈਸਟੀਵਲਸ ਅਤੇ ਕਾਰਜਕਰਮ, ਗਵਾਂਢੀਆਂ ਵਿਚਕਾਰ ਕਨੈਕਸ਼ਨ ਨੂੰ ਵਧਾਉਣ ਅਤੇ ਕਮਿਉਨਿਟੀ ਵਿੱਚ ਮਦਦ ਕਰਨਗੇ, ਜੋ ਨਿੱਜੀ ਭਲਾਈ, ਸੁਰੱਖਿਆ, ਸਲਾਮਤੀ ਅਤੇ ਜਸ਼ਨਾਂ ਅਤੇ ਔਖੇ ਸਮਿਆਂ ਵਿੱਚ ਇੱਕ-ਦੂਜੇ ਨੂੰ ਸਹਿਯੋਗ ਕਰਨ ਦੀ ਸਮਰੱਥਾ ਵਿੱਚ ਇੱਕ ਮਹੱਤਵਪੂਰਣ ਕਾਰਕ ਹੈ।"*

- ਵਸਨੀਕ, ਨਰਚਰਿੰਗ ਨੇਬਰਹੁੱਡਸ ਪ੍ਰੋਗਰਾਮ ਸਰਵੇਖਣ



COMMUNITY SAFETY & WELL-BEING

# ਭਾਗ ਛੇ

# ਨੇਬਰਹੁੱਡ ਐਕਸ਼ਨ ਪਲਾਨ

ਨੇਬਰਹੁੱਡ ਐਕਸ਼ਨ ਪਲਾਨਸ ਦੇ ਦੁਆਰਾ, ਵੱਧ ਮਜ਼ਬੂਤ ਨੇਬਰਹੁੱਡ ਬਣਾਉਣ ਵਾਸਤੇ ਨੇਬਰਹੁੱਡ ਐਸੋਸੀਏਸ਼ਨਾਂ ਦਾ ਸ਼ਕਤੀਕਰਨ ਕੀਤਾ ਜਾਂਦਾ ਹੈ, ਜਿੱਥੇ ਹਰ ਕੋਈ ਸੁਰੱਖਿਅਤ ਮਹਿਸੂਸ ਕਰੇ, ਉਸ ਵਿੱਚ ਆਪਣੇਪਣ ਦੀ ਭਾਵਨਾ ਹੋਵੇ ਅਤੇ ਜਾਣਕਾਰੀ ਅਤੇ ਵਸੀਲਿਆਂ ਨਾਲ ਜੁੜਿਆ ਹੋਵੇ।

ਨੇਬਰਹੁੱਡ ਐਕਸ਼ਨ ਪਲਾਨਸ, ਨੇਬਰਹੁੱਡ ਦੇ ਵਸਨੀਕਾਂ ਵੱਲੋਂ ਪਛਾਣੇ ਗਏ ਨੇਬਰਹੁੱਡ ਦ੍ਰਿਸ਼ਟੀਕੋਣ ਤੱਕ ਪਹੁੰਚਣ ਲਈ, ਹਾਸਲ ਕੀਤੀਆਂ ਜਾਣ ਯੋਗ ਕਾਰਵਾਈਆਂ ਦੇ ਨਾਲ, ਨੇਬਰਹੁੱਡਸ ਦੇ ਭਵਿੱਖ ਨੂੰ ਬਿਹਤਰ ਬਣਾਉਣ ਵਾਸਤੇ ਛੋਟੀ, ਦਰਮਿਆਨੀ, ਅਤੇ ਲੰਮੀ ਮਿਆਦ ਦੇ ਟੀਚਿਆਂ ਦੀ ਪਛਾਣ ਕਰਦੇ ਹਨ।

ਸੀ.ਐਸ.ਡਬਲਯੂ.ਓ., ਨੇਬਰਹੁੱਡ ਐਕਸ਼ਨ ਪਲਾਨਸ ਦੇ ਵਿਕਾਸ ਅਤੇ ਲਾਗੂਕਰਣ ਵਿੱਚ, ਨੇਬਰਹੁੱਡ ਐਸੋਸੀਏਸ਼ਨਾਂ ਦੀ ਸਹਾਇਤਾ ਕਰ ਸਕਦਾ ਹੈ। ਕਿਰਪਾ ਕਰਕੇ ਨੇਬਰਹੁੱਡ ਐਕਸ਼ਨ ਪਲਾਨ ਟੈਂਪਲੇਟ ਤੱਕ ਪਹੁੰਚ ਲਈ, ਸੀ.ਐਸ.ਡਬਲਯੂ.ਓ. ਨੂੰ ਸੰਪਰਕ ਕਰੋ।

**"ਗਵਾਂਢੀਆਂ ਦੇ ਨਾਲ ਵੱਧ ਜਾਣੂ ਹੋਣ ਅਤੇ ਵੱਧ ਸੁਰੱਖਿਅਤ ਮਹਿਸੂਸ ਕਰਨ ਵਿੱਚ ਸਾਡੀ ਮਦਦ ਕਰਦਾ ਹੈ।"**

- ਵਸਨੀਕ, ਨਰਚਰਿੰਗ ਨੇਬਰਹੁੱਡਸ ਪ੍ਰੋਗਰਾਮ ਸਰਵੇਖਣ

## A ਨੇਬਰਹੁੱਡ ਐਕਸ਼ਨ ਪਲਾਨ ਕਿਉਂ ਬਣਾਉਣਾ ਹੈ?

ਐਕਸ਼ਨ ਪਲਾਨ ਵਿੱਚ ਵਸਨੀਕਾਂ ਤੋਂ ਸਮੂਹਿਕ ਚਿੰਤਨ ਅਤੇ ਵਿਚਾਰ ਲੈਣ ਦੇ ਕਈ ਕਾਰਨ ਹਨ – ਫਾਇਦਿਆਂ ਵਿੱਚ ਸ਼ਾਮਲ ਹਨ:

| ✓ | ਫਾਇਦੇ |
|---|---|
| | ਨੇਬਰਹੁੱਡ ਬਾਰੇ ਗਿਆਨ ਵਧਦਾ ਹੈ। |
| | ਤੁਹਾਡੇ ਗਵਾਂਢੀਆਂ ਦੇ ਨਾਲ ਜੁੜਨ ਅਤੇ ਉਹਨਾਂ ਨੂੰ ਜਾਣਨ ਦੇ ਮੌਕੇ ਵਧਦੇ ਹਨ। |
| | ਨੇਬਰਹੁੱਡ ਦੇ ਅੰਦਰ ਆਪਣੇਪਣ ਦੀ ਭਾਵਨਾ ਵਧਦੀ ਹੈ। |
| | ਨੇਬਰਹੁੱਡ ਵਿੱਚ ਵਸਨੀਕਾਂ ਲਈ ਸ਼ਾਮਲ ਹੋਣ ਅਤੇ ਜੁੜਨ ਦੇ ਮੌਕੇ ਵਧਦੇ ਹਨ। |
| | ਨੇਬਰਹੁੱਡਸ ਦੇ ਅੰਦਰ ਸੁਰੱਖਿਆ, ਜਾਣਕਾਰੀ ਤੱਕ ਪਹੁੰਚ ਅਤੇ ਸ਼ਕਤੀਕਰਨ ਵਧਦਾ ਹੈ। |
| | ਨੇਬਰਹੁੱਡ ਦੇ ਨਾਲ ਕੈਪੈਸਿਟੀ ਬਿਲਡਿੰਗ ਅਤੇ ਲੀਡਰਸ਼ਿਪ ਲਈ ਮੌਕੇ ਵਧਦੇ ਹਨ। |

## B ਦ੍ਰਿਸ਼ਟੀਕੋ

ਹੇਠਾਂ ਦਿੱਤੇ ਅੱਠ (8) ਸਿਧਾਂਤ, ਤੁਹਾਡੀ ਨੇਬਰਹੁੱਡ ਐਸੋਸੀਏਸ਼ਨ ਦੇ ਅੰਦਰ ਨੇਬਰਹੁੱਡ ਐਕਸ਼ਨ ਪਲਾਨਸ ਲਈ, ਦ੍ਰਿਸ਼ਟੀਕੋਣ ਦਾ ਸੰਖੇਪ ਵਰਣਨ ਕਰਦੇ ਹਨ। ਇਹ ਪਛਾਣ ਕਰਨਾ ਕਿ ਹਰੇਕ ਨੇਬਰਹੁੱਡ ਬੇਜੋੜ ਹੈ, ਇਹ ਸਿਧਾਂਤ, ਨੇਬਰਹੁੱਡਸ ਲਈ ਕੁਝ ਆਮ ਅਧਾਰਾਂ ਨੂੰ ਸ਼ਾਮਲ ਕਰਨ ਅਤੇ ਉਹਨਾਂ ਦੇ ਪ੍ਰਤੀ ਕੰਮ ਕਰਨ ਵਾਸਤੇ ਸਥਾਪਤ ਕਰਨ ਲਈ ਪ੍ਰਦਾਨ ਕੀਤੇ ਗਏ ਹਨ।

| | | |
|---|---|---|
| 1 | ਵਸਨੀਕ-ਸੰਚਾਲਿਤ | ਵਸਨੀਕ, ਪਹਿਲਕਦਮੀਆਂ ਦੀ ਅਗਵਾਈ ਕਰਨਗੇ ਅਤੇ ਵਿਚਾਰਾਂ ਅਤੇ ਪ੍ਰੋਜੈਕਟਾਂ ਤੇ ਉਹਨਾਂ ਦੀ ਮਾਲਕੀ ਹੋਵੇਗੀ, ਜੋ ਉਹਨਾਂ ਦੇ ਨੇਬਰਹੁੱਡ ਵਿੱਚ ਸਕਾਰਾਤਮਕ ਪ੍ਰਭਾਵ ਪਾਉਂਦੇ ਹਨ। |
| 2 | ਕਾਰਵਾਈ ਅਨੁਕੂਲਿਤ | ਵਸਨੀਕ, ਅਰਥਪੂਰਣ ਅਤੇ ਧਿਆਨ ਦੇਣ ਯੋਗ ਕਾਰਵਾਈਆਂ ਸੰਚਾਲਿਤ ਕਰਨ ਲਈ ਵਿਚਾਰ ਅਤੇ ਪ੍ਰੋਜੈਕਟ ਤਿਆਰ ਕਰਨਗੇ ਅਤੇ ਆਪਣੇ ਨੇਬਰਹੁੱਡ ਵਿੱਚ ਬਦਲਾਅ ਲਿਆਉਣਗੇ। |
| 3 | ਸੰਪਤੀਆਂ ਤੇ ਫੋਕਸ | ਵਸਨੀਕ ਉਹਨਾਂ ਸਹੂਲਤਾਂ ਅਤੇ ਸੰਪਤੀਆਂ ਤੇ ਫੋਕਸ ਕਰਨਗੇ, ਜੋ ਉਹਨਾਂ ਦੇ ਨੇਬਰਹੁੱਡਸ ਵਿੱਚ ਪਾਈਆਂ ਜਾਂਦੀਆਂ ਹਨ ਅਤੇ ਉਹਨਾਂ ਦੀ ਵਰਤੋਂ ਨੂੰ ਵਧਾਉਣ ਅਤੇ ਨੇਬਰਹੁੱਡ ਲਈ ਫਾਇਦੇ ਦੇਣ ਦੇ ਤਰੀਕੇ ਲੱਭਣਗੇ। |
| 4 | ਸ਼ਮੂਲੀਅਤ ਅਤੇ ਸਹਿਯੋਗ | ਵਸਨੀਕ, ਇਹ ਯਕੀਨੀ ਬਣਾਉਣ ਲਈ ਨੇਬਰਹੁੱਡ ਐਸੋਸੀਏਸ਼ਨ ਦੇ ਅੰਦਰ ਮਿਲ ਕੇ ਕੰਮ ਕਰਨਗੇ ਕਿ ਪੱਧਤੀਆਂ ਅਤੇ ਪ੍ਰੋਗਰਾਮ ਸਾਰੇ ਮੈਂਬਰਾਂ ਲਈ ਉਚਿਤ, ਨਿਰਪੱਖ ਹਨ ਅਤੇ ਆਪਣੇਪਣ ਦੀ ਭਾਵਨਾ ਵਿਕਸਿਤ ਕਰਦੇ ਹਨ। |
| 5 | ਹਾਸਲ ਕਰਨ ਯੋਗ ਨਤੀਜੇ | ਵਸਨੀਕ ਉਹਨਾਂ ਪ੍ਰੋਜੈਕਟਾਂ ਅਤੇ ਪਹਿਲਕਦਮੀਆਂ ਤੇ ਕੰਮ ਕਰਨਗੇ, ਜੋ ਉਪਲਬਧ ਫੰਡਿੰਗ ਦੇ ਅਧਾਰ ਤੇ ਅਸਲੀ ਅਤੇ ਹਾਸਲ ਕਰਨ ਯੋਗ ਹੋਣਗੇ (ਫੰਡ ਇਕੱਤਰ ਕਰਨ ਜਾਂ ਕਮਿਉਨਿਟੀ ਗ੍ਰਾਂਟਾਂ ਦੇ ਦੁਆਰਾ)। |
| 6 | ਸਕਾਰਾਤਮਕ ਪ੍ਰਭਾਵ | ਐਕਸ਼ਨ ਪਲਾਨਸ ਵਿੱਚ ਉਹਨਾਂ ਪ੍ਰੋਜੈਕਟਾਂ ਦੀ ਪਛਾਣ ਅਤੇ ਉਹਨਾਂ ਨੂੰ ਲਾਗੂ ਕੀਤਾ ਜਾਵੇਗਾ, ਜੋ ਨੇਬਰਹੁੱਡ ਲਈ ਸਕਾਰਾਤਮਕ ਪ੍ਰਭਾਵ ਪਾਉਣਗੇ ਅਤੇ ਬਦਲਾਅ ਲਿਆਉਣਗੇ। |
| 7 | ਧਿਆਨ ਦੇਣ ਯੋਗ | ਪ੍ਰੋਜੈਕਟਾਂ ਅਤੇ ਪਹਿਲਕਦਮੀਆਂ ਦੀ, ਮੈਟਰਿਕਸ ਅਤੇ ਡੇਟੇ ਦੇ ਨਾਲ, ਸੀ.ਐਸ. ਡਬਲਯੂ.ਓ. ਨੂੰ ਰਿਪੋਰਟ ਕੀਤੀ ਜਾਣੀ ਚਾਹੀਦੀ ਹੈ, ਜੋ ਸਕਾਰਾਤਮਕ ਪ੍ਰਭਾਵ ਅਤੇ ਨਤੀਜੇ ਦਿਖਾਉਂਦੇ ਹਨ। |
| 8 | ਜਵਾਬਦੇਹ | ਨੇਬਰਹੁੱਡ ਐਸੋਸੀਏਸ਼ਨਾਂ, ਐਗਰੀਮੈਂਟ ਵਿੱਚ ਦਿੱਤੇ ਆਚਰਨ ਦਾ ਸਟੈਂਡਰਡ ਕਾਇਮ ਰੱਖਣਗੀਆਂ ਅਤੇ ਉਹਨਾਂ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਫੰਡਾਂ ਅਤੇ/ਜਾਂ ਪ੍ਰੋਜੈਕਟਾਂ ਦਾ ਪ੍ਰਬੰਧ, ਨੇਬਰਹੁੱਡ ਐਸੋਸੀਏਸ਼ਨ ਐਫਿਲਿਏਸ਼ਨ ਪ੍ਰੋਗਰਾਮ ਦੇ ਟੀਚਿਆਂ ਦੇ ਮੁਤਾਬਕ ਕਰਨ। |

# C ਸੰਪਤੀ ਦੀ ਪਛਾਣ ਕਰਨ ਵਾਲੀ ਗਤੀਵਿਧੀ

**ਮੇਰੇ ਨੇਬਰਹੁੱਡ ਵਿੱਚ ਕਿੰਨੀਆਂ ਕਮਿਉਨਿਟੀਜ਼ ਹਨ?**

ਇਹ ਗਤੀਵਿਧੀ, ਜੁੜਾਵ ਅਤੇ ਆਪਣੇਪਣ ਲਈ ਉਤਸ਼ਾਹਿਤ ਕਰ ਸਕਦੀ ਹੈ, ਨਾਲ ਹੀ ਨੇਬਰਹੁੱਡ ਸੰਪਤੀ ਮੈਪਿੰਗ ਲਈ ਮੌਕਾ ਵੀ ਪ੍ਰਦਾਨ ਕਰ ਸਕਦੀ ਹੈ। ਨੇਬਰਹੁੱਡ ਦੇ ਅੰਦਰ ਇਹ ਪਛਾਣੀਆਂ ਗਈਆਂ ਕਮਿਉਨਿਟੀਜ਼, ਨੇਬਰਹੁੱਡ ਐਸੋਸੀਏਸ਼ਨ ਦੇ ਟੀਚਿਆਂ ਅਤੇ ਉਦੇਸ਼ਾਂ ਨੂੰ ਜਾਂ ਮੈਂਬਰ ਬਣਨ ਲਈ ਸਹਾਇਤਾ ਕਰਨ ਯੋਗ ਹੋ ਸਕਦੀਆਂ ਹਨ।

ਉਦਾਹਰਨ ਲਈ, ਸੁੰਦਰਤਾ ਸਬੰਧੀ ਕਿਸੇ ਪ੍ਰੋਜੈਕਟ ਨੂੰ ਕਈ ਤਰ੍ਹਾਂ ਦੀਆਂ ਪ੍ਰਤਿਭਾਵਾਂ ਦੀ ਲੋੜ ਹੋ ਸਕਦੀ ਹੈ, ਜਿਵੇਂ ਮਾਲੀ, ਕਲਾਕਾਰ ਅਤੇ ਲੈਂਡਸਕੇਪਰਸ। ਬਾਗਬਾਨੀ ਕਮਿਉਨਿਟੀ, ਕਲਾਕਾਰ ਕਮਿਉਨਿਟੀ, ਅਤੇ ਲੈਂਡਸਕੇਪਿੰਗ ਕਮਿਉਨਿਟੀ ਦੇ ਮੈਂਬਰ, ਪਹਿਲਾਂ ਹੀ ਨੇਬਰਹੁੱਡ ਵਿੱਚ ਵਸਨੀਕ ਹੋ ਸਕਦੇ ਹਨ, ਜੋ ਸੁੰਦਰਤਾ ਪ੍ਰੋਜੈਕਟ ਵਿੱਚ ਹਿੱਸਾ ਲੈ ਰਹੇ ਹਨ ਅਤੇ ਆਪਣੇ ਨੇਬਰਹੁੱਡ ਵਿੱਚ ਸੁਧਾਰ ਕਰਨ ਲਈ ਖੁਸ਼ੀ ਨਾਲ ਆਪਣੀਆਂ ਪ੍ਰਤਿਭਾਵਾਂ ਸਾਂਝੀਆਂ ਕਰ ਸਕਦੇ ਹਨ।

ਇਹ ਗਤੀਵਿਧੀ, ਨੇਬਰਹੁੱਡ ਐਸੋਸੀਏਸ਼ਨਾਂ ਨੂੰ ਇਹਨਾਂ ਦੀ ਮੌਜੂਦਾ ਮੈਂਬਰਸ਼ਿਪ ਤੋਂ ਅੱਗੇ ਵਿਚਾਰ ਕਰਨ ਲਈ ਵੀ ਉਤਸ਼ਾਹਿਤ ਕਰਦੀ ਹੈ, ਇਸ ਸਬੰਧ ਵਿੱਚ ਸਮੂਹ ਦਾ ਪ੍ਰਚਾਰ ਕਰਦੇ ਹੋਏ ਅਤੇ ਸਮੂਹ ਦੇ ਯਤਨਾਂ ਅਤੇ ਪ੍ਰਭਾਵ ਵਿੱਚ ਦਰਸਾਈਆਂ ਗਈਆਂ ਵੰਨ-ਸੁਵੰਨੀਆਂ ਅਵਾਜ਼ਾਂ ਅਤੇ ਅਨੁਭਵਾਂ ਦੀ ਬਹੁਲਤਾ ਨੂੰ ਵਧਾਉਂਦੇ ਹੋਏ।



COMMUNITY SAFETY
& WELL-BEING



# ਭਾਗ ਸੱਤ

# ਤੁਹਾਡੇ ਨੇੜਲੇ ਨੇਬਰਹੁੱਡ ਦੀਆਂ ਝਲਕੀਆਂ !

ਨੇਬਰਹੁੱਡ ਐਸੋਸੀਏਸ਼ਨਾਂ ਇਸ ਬਾਰੇ ਜਾਣਨ ਵਿੱਚ ਵਸਨੀਕਾਂ ਦੀ ਸਹਾਇਤਾ ਕਰਦੀਆਂ ਹਨ ਕਿ ਉਹਨਾਂ ਦੀ ਸੁਰੱਖਿਆ ਦੀ ਭਾਵਨਾ ਵਿੱਚ ਸੁਧਾਰ ਕਿਵੇਂ ਕੀਤਾ ਜਾਵੇ, ਉਹਨਾਂ ਦੇ ਨੇਬਰਹੁੱਡ ਅੰਦਰਲੀਆਂ ਚਿੰਤਾਵਾਂ ਬਾਰੇ ਵੱਧ ਜਾਗਰੂਕ ਕਿਵੇਂ ਬਣਿਆ ਜਾਵੇ, ਅਤੇ ਉਹਨਾਂ ਮੁੱਦਿਆਂ ਤੇ ਧਿਆਨ ਦੇਣ ਲਈ ਸ਼ਕਤੀਸ਼ਾਲੀ ਕਿਵੇਂ ਬਣਿਆ ਜਾਵੇ। ਨੇਬਰਹੁੱਡ ਐਸੋਸੀਏਸ਼ਨਾਂ, ਨੇਬਰਹੁੱਡ ਸਥਿਰਤਾ ਵਧਾਉਂਦੀਆਂ ਹਨ ਅਤੇ ਪੂਰੇ ਸ਼ਹਿਰ ਵਿੱਚ ਕਈ ਸਰਗਰਮ ਸਮੂਹ ਹਨ, ਜੋ ਆਪਣੇ ਨੇਬਰਹੁੱਡਸ ਵਿੱਚ ਵਾਧਾ ਕਰਨ ਤੇ ਕੰਮ ਕਰ ਰਹੇ ਹਨ। ਬ੍ਰੈਂਪਟਨ ਵਿੱਚ ਮੌਜੂਦਾ ਨੇਬਰਹੁੱਡ ਐਸੋਸੀਏਸ਼ਨਾਂ ਦੇ ਕੁਝ ਸੁਝਾਅ ਅਤੇ ਝਲਕੀਆਂ ਦੇਖੋ!

- ***ਫਲੈਚਰਸ ਕ੍ਰੀਕ ਸਨੈਪ (ਵਾਰਡਸ 1 ਅਤੇ 5)***

ਫਲੈਚਰਸ ਕ੍ਰੀਕ ਨੇਬਰਹੁੱਡ ਨੇ, ਫਲੈਚਰਸ ਕ੍ਰੀਕ ਸਸਟੇਨੇਬਲ ਨੇਬਰਹੁੱਡ ਐਕਸ਼ਨ ਪਲਾਨ (ਸਨੈਪ) (Fletcher's Creek Sustainable Neighbourhood Action Plan) (SNAP) ਵਿਕਸਿਤ ਕਰਨ ਲਈ, ਕ੍ਰੈਡਿਟ ਵੈਲੀ ਕਨਜ਼ਰਵੇਸ਼ਨ (Credit Valley Conservation), ਸਿਟੀ ਆਫ ਬ੍ਰੈਂਪਟਨ, ਰੀਜਨ ਆਫ ਪੀਲ (Region of Peel), ਲੋਕਲ ਵਸਨੀਕਾਂ, ਕਮਿਉਨਿਟੀ ਮੈਂਬਰਾਂ, ਅਤੇ ਲੀਡਰਸ ਦੇ ਨਾਲ ਮਿਲ ਕੇ ਕੰਮ ਕੀਤਾ। ਇਹ ਸਮੂਹ, ਵਸੀਲੇ ਅਤੇ ਜਾਣਕਾਰੀ ਸਾਂਝੀ ਕਰਨ, ਅਤੇ ਰੁੱਖ ਲਗਾਉਣ, ਸਥਿਰ ਹੋਮ ਲੈਂਡਸਕੇਪਿੰਗ ਅਤੇ ਕਮਿਉਨਿਟੀ ਭਾਗੀਦਾਰੀ ਸਮੇਤ ਕਈ ਨੇਬਰਹੁੱਡ ਪਹਿਲਕਦਮੀਆਂ ਤੇ ਕੰਮ ਕਰਨ ਲਈ ਇਕੱਠਾ ਹੋਇਆ।

- ***ਹਾਰਟ ਲੇਕ ਹੈਪਨਿੰਗਸ (ਵਾਰਡਸ 2 ਅਤੇ 6)***

2012 ਵਿੱਚ ਬਣਾਇਆ ਗਿਆ, ਵਸਨੀਕਾਂ ਦਾ ਇਹ ਸਮੂਹ ਹਾਰਟ ਲੇਕ (Heart Lake) ਨੇਬਰਹੁੱਡ ਵਿੱਚ ਰਹਿੰਦਾ ਹੈ, ਕੰਮ ਕਰਦਾ ਹੈ, ਜਾਂ ਖੇਡਦਾ ਹੈ, ਅਤੇ ਕਮਿਉਨਿਟੀ ਬਿਲਡਿੰਗ ਵਿਕਸਿਤ ਕਰਨ ਅਤੇ ਸ਼ਾਨਦਾਰ ਨੇਬਰਹੁੱਡ ਜੋਸ਼ ਲਈ ਫੇਸਬੁੱਕ (Facebook) ਤੇ ਅਤੇ ਵਿਅਕਤੀਗਤ ਸਮਾਗਮਾਂ ਵਿੱਚ ਇਕੱਠਾ ਹੁੰਦਾ ਹੈ। 3,000 ਤੋਂ ਵੱਧ ਮੈਂਬਰ, ਆਪਣੇ ਨੇਬਰਹੁੱਡ ਨਾਲ ਸਬੰਧਿਤ ਵਿਚਾਰਾਂ ਅਤੇ ਵਿਸ਼ਿਆਂ ਵਿੱਚ ਹਿੱਸਾ ਲੈਂਦੇ ਹਨ, ਸਾਂਝੇ ਕਰਦੇ ਹਨ ਅਤੇ ਚਰਚਾ ਕਰਦੇ ਹਨ।

- ***ਪੀਲ ਵਿਲੇਜ (ਵਾਰਡਸ 3 ਅਤੇ 4)***

ਪੀਲ ਵਿਲੇਜ (Peel Village) ਨੇਬਰਹੁੱਡ, ਉਹਨਾਂ ਵਸਨੀਕਾਂ ਦੇ ਸਰਗਰਮ ਸਮੂਹ ਦੀ ਮੇਜ਼ਬਾਨੀ ਕਰਦਾ ਹੈ, ਜੋ ਆਪਣੇ ਨੇਬਰਹੁੱਡ ਦੀ ਸੁਰੱਖਿਆ ਨੂੰ ਵਧਾਉਣ ਅਤੇ ਇਸਦੇ ਭਵਿੱਖ ਨੂੰ ਬਿਹਤਰ ਬਣਾਉਣ ਵਿੱਚ ਅਗਵਾਈ ਕਰਨ ਲਈ ਇੱਕ-ਦੂਜੇ ਦਾ ਸ਼ਕਤੀਕਰਨ ਕਰਦੇ ਹਨ।

- ***ਬ੍ਰੈਮਲੀ ਸਨੈਪ (ਵਾਰਡਸ 7 ਅਤੇ 8)***

ਇਸ ਪ੍ਰੋਗਰਾਮ ਵਿੱਚ ਸ਼ਾਮਲ ਹੈ, ਵਸਨੀਕ ਲੀਡਰਸ਼ਿਪ ਦੇ ਨਾਲ ਮਾਸਿਕ ਨੈੱਟਵਰਕ ਮੀਟਿੰਗਾਂ, ਸਾਲਾਨਾ ਕਾਰਜਕਰਮਾਂ, ਲੋਕਲ ਭਾਈਵਾਲੀ ਵਿਕਾਸ ਵਿੱਚ ਮਦਦ ਅਤੇ ਲੋਕਲ ਪੁਨਰ ਨਿਰਮਾਣ ਪ੍ਰੋਜੈਕਟਾਂ ਵਿੱਚ ਸਹਾਇਤਾ ਲਈ ਨੇਬਰਹੁੱਡ ਸ਼ਮੂਲੀਅਤ ਤੇ ਫੋਕਸ।

- ***ਮਾਉਂਟ ਰੋਇਲ ਕਮਿਉਨਿਟੀ ਗਰੁੱਪ (ਵਾਰਡਸ 9 ਅਤੇ 10)***

ਮਾਉਂਟ ਰੋਏਲ ਕਮਿਉਨਿਟੀ ਗਰੁੱਪ (Mount Royal Community Group), ਮਜ਼ੇਦਾਰ ਮੂਵੀ ਨਾਈਟਸ ਅਤੇ ਗਤੀਵਿਧੀਆਂ ਆਯੋਜਿਤ ਕਰਕੇ, ਆਪਣੇ ਖੇਤਰ ਵਿੱਚ ਸਕੂਲਾਂ ਨੂੰ ਸਹਿਯੋਗ ਕਰਕੇ ਅਤੇ ਸੁਰੱਖਿਆ ਵਿੱਚ ਸੁਧਾਰ ਲਈ ਲੋਕਲ ਸਰਕਾਰ ਕੋਲ ਨੇਬਰਹੁੱਡ ਲਈ ਹਿਮਾਇਤ ਕਰਕੇ, ਸੰਗਠਿਤ ਕਮਿਉਨਿਟੀ ਬਣਾਉਣ ਲਈ ਇਸਦੇ ਵਸਨੀਕਾਂ ਵਿਚਕਾਰ ਸਬੰਧਾਂ ਦੇ ਨਿਰਮਾਣ ਲਈ ਕੰਮ ਕਰਦਾ ਹੈ।



COMMUNITY SAFETY
& WELL-BEING

# ਭਾਗ
# ਅੱਠ



# ਸਵੀਕ੍ਰਿਤੀਆਂ

ਇਹ ਗਾਈਡ ਤਿਆਰ ਕਰਨ ਲਈ, ਸੀ.ਐਸ.ਡਬਲਯੂ.ਓ. ਨੇ, ਪੂਰੇ ਓਨਟੈਰੀਓ ਵਿੱਚ ਮੌਜੂਦਾ ਨੇਬਰਹੁੱਡ ਐਸੋਸੀਏਸ਼ਨ ਪ੍ਰੋਗਰਾਮਾਂ ਦਾ ਜੁਰਿਸਡਿਕਸ਼ਨਲ ਸਕੈਨ ਕੀਤਾ। ਉਸਦੇ ਨਾਲ, ਸੀ.ਐਸ. ਡਬਲਯੂ.ਓ., ਸਾਡੀ ਕਮਿਊਨਿਟੀ ਦੇ ਅੰਦਰ ਨੇਬਰਹੁੱਡ ਐਸੋਸੀਏਸ਼ਨਾਂ ਸਥਾਪਤ ਕਰਨ ਅਤੇ ਕਾਇਮ ਰੱਖਣ ਲਈ ਵਸਨੀਕਾਂ ਨਾਲ ਇੱਕ ਢਾਂਚਾ ਸਾਂਝਾ ਕਰਨ ਲਈ ਉਤਸ਼ਾਹਿਤ ਹੈ। ਅਸੀਂ ਸਾਡੇ ਨੇਬਰਹੁੱਡਸ ਵਿੱਚ ਸੁਰੱਖਿਆ ਅਤੇ ਭਲਾਈ ਨੂੰ ਵਧਾਉਣ ਲਈ, ਵਸਨੀਕ ਸਮੂਹਾਂ ਨਾਲ ਕੰਮ ਕਰਨ ਲਈ ਉਤਸ਼ਾਹਿਤ ਹਾਂ।

ਕਮਿਊਨਿਟੀ ਸਰਵਿਸਿਜ ਵਿਭਾਗ ਨੂੰ, ਨੇਬਰਹੁੱਡ ਐਸੋਸੀਏਸ਼ਨਾਂ ਦੀ ਸਹਾਇਤਾ ਲਈ ਬੇਹੱਦ ਖੁਸ਼ੀ ਹੈ ਕਿਉਂਕਿ ਅਸੀਂ ਅਜਿਹੇ ਨੇਬਰਹੁੱਡ ਪ੍ਰੋਜੈਕਟ ਪ੍ਰਦਾਨ ਕਰਦੇ ਹਾਂ, ਜੋ ਕਮਿਊਨਿਟੀ ਨੂੰ ਨਵੇਂ ਅਤੇ ਰੋਮਾਂਚਕ ਤਰੀਕਿਆਂ ਨਾਲ ਫਾਇਦਾ ਪਹੁੰਚਾਉਂਦੇ ਹਨ, ਜੋ ਸ਼ਕਤੀਕਰਨ ਕਰਦੇ ਹਨ ਅਤੇ ਕਮਿਊਨਿਟੀਜ ਦੇ ਅੰਦਰ ਬ੍ਰੈਂਪਟਨ ਨੂੰ ਜੋੜਦੇ ਹਨ, ਜਿੱਥੇ ਲੋਕ ਸੁਰੱਖਿਅਤ ਅਤੇ ਆਪਣੇਪਣ ਦੀ ਭਾਵਨਾ ਮਹਿਸੂਸ ਕਰਦੇ ਹਨ।

ਬ੍ਰੈਂਪਟਨ, ਸਾਰਿਆਂ ਦੇ ਅਨੰਦ ਮਾਣਨ ਲਈ ਆਕਰਸ਼ਕ ਆਊਟਡੋਰ ਥਾਵਾਂ ਵਾਲਾ ਇੱਕ ਖੂਬਸੂਰਤ ਸ਼ਹਿਰ ਹੈ। ਸਾਡੇ ਸ਼ਹਿਰ ਨੂੰ ਸਾਫ, ਹਰਾ-ਭਰਾ ਅਤੇ ਸੁਰੱਖਿਅਤ ਰੱਖਣ ਵਿੱਚ ਹਰ ਕਿਸੇ ਲਈ ਕੋਈ ਨਾ ਕੋਈ ਭੂਮਿਕਾ ਹੈ!

# ਨੋਟਸ



COMMUNITY SAFETY
& WELL-BEING

ਕਮਿਉਨਿਟੀ ਸੇਫਟੀ ਐਂਡ ਵੈਲ-ਬੀਇੰਗ ਆਫਿਸ
2 ਵੈਲਿੰਗਟਨ ਸਟ੍ਰੀਟ ਵੈਸਟ
ਬ੍ਰੈਂਪਟਨ, ਓਨਟੈਰੀਓ, L6Y 4R2)

CSWO@brampton.ca
www.brampton.ca/communitysafety

ਬੇਨਤੀ ਤੇ ਵਿਕਲਪਿਕ ਫੌਰਮੈਟ ਉਪਲਬਧ ਹਨ।
ਬੇਨਤੀ ਕਰਨ ਲਈ, accessibility@brampton.ca ਤੇ ਈਮੇਲ ਕਰੋ।

BRAMPTON